ISSN 0972-2335

# ਅੰਮ੍ਰਿਤ ਕੀਰਤਨ



ਕਰਤਾ - ਰਾਗਾਂਜਲੀ - ਗੁਰਬਖ਼ਸ਼ ਸਿੰਘ

ਸੰਪਾਦਕ
ਡਾ. ਜਾਗੀਰ ਸਿੰਘ

ਜੂਨ 2023

ਮੁੱਲ 15/-



## ਜਹਾਂ ਦਾਣੇ ਤਹਾਂ ਖਾਣੇ

ਪੁਰਸ਼ ਸੋਚਦਾ ਮਨ ਵਿਚ ਬਹੁਤ ਸੋਚਾਂ,
ਚਲਣਾ ਪੈਂਵਦਾ ਵਾਹਿਗੁਰੂ ਭਾਣਿਆਂ ਤੇ।

ਕਿੱਥੋਂ ਪਾਵਣਾ ਜਲ ਅਨਾਜ ਲਿਖਿਆ,
ਪੰਛੀ ਵਾਂਗ ਫਿਰਦਾ ਉਨ੍ਹਾਂ ਦਾਣਿਆ ਤੇ।

ਪਾਲਣ ਪੇਟ ਪ੍ਰਵਾਹ ਨ ਰਾਜਿਆਂ ਨੂੰ,
ਸਫਰ ਪੈਂਵਦਾ ਉਨ੍ਹਾਂ ਘਰਾਣਿਆਂ ਤੇ।

ਭਾਗਾਂ ਨਾਲ ਹੀ ਮੇਲ ਸੰਤੋਖ ਹੁੰਦੇ,
ਕਰਦਾ ਮਿਹਰ ਜਦ ਸਾਈਂ ਅਜਾਣਿਆਂ ਤੇ।

ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ


**ਸੰਪਾਦਕ**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ;eNo 15-J, uvhrV 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਜਹਾਂ ਦਾਨੇ ਤਹਾਂ ਖਾਣੇ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ... ਟਾ-2

ਸੰਪਾਦਕੀ : ਕਰਉ ਬੇਨੰਤੀਆ -
ਸੰਗੀਤ ਮਹਿਮਾ ... 2

ਗੁਰਮਤਿ ਸੰਗੀਤ ਵਿਚ 'ਗੁਰਮਤਿ ਸੰਗੀਤ ਨਿਰਣਯ' ਦਾ ਯੋਗਦਾਨ
ਡਾ.ਗੁਰਨਾਮ ਸਿੰਘ ... 4

'ਰਾਗਾਂਜਲੀ' ਤੇ ਉਹਦਾ ਲੇਖਕ ਗੁਰਬਖ਼ਸ਼ ਸਿੰਘ
ਵਰਿਆਮ ਸਿੰਘ ਸੰਧੂ ... 6

ਕਾਵਿ ਅਤੇ ਸੰਗੀਤ: ਅੰਤਰ-ਸੰਬੰਧ
ਪਵਨਦੀਪ ਕੁਮਾਰ ... 12

ਸੁਰਲਿਪੀ ਰਾਗ ਪ੍ਰਭਾਤੀ
ਸ੍ਰ ਗੁਰਬਖ਼ਸ਼ ਸਿੰਘ ... 20


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਕਰਉ ਬੇਨੰਤੀਆ

## ਸੰਗੀਤ ਮਹਿਮਾ

ਕੁਝ ਸਾਲ ਪਹਿਲਾਂ ਦੀ ਗੱਲ ਹੈ ਸ੍ਰ ਰਾਮ ਸਿੰਘ ਚੰਡੀਗੜ੍ਹ ਦੇ ਸੈਕਟਰ 8 ਵਿੱਚ ਰਹਿੰਦੇ ਸਨ। ਉਹਨਾਂ ਦੀ ਪਤਨੀ ਬਿਮਾਰ ਹੋ ਗਈ ਸੀ। ਪਤਾ ਲੱਗਾ ਕਿ ਉਹਨਾਂ ਦੇ ਦਿਮਾਗ ਨੂੰ ਕੈਂਸਰ ਹੋ ਗਿਆ ਹੈ ਇਸ ਦਾ ਕੋਈ ਇਲਾਜ ਨਹੀ ਹੈ।ਮੇਰਾ ਇਸ ਪਰਿਵਾਰ ਨਾਲ ਮੇਲ 34 ਸੈਕਟਰ ਵਿੱਚ ਰਹਿੰਦੇ ਮਾਤਾ ਜੀ ਮਿਸਜ਼ ਕਾਲਰਾ ਹੋਰਾਂ ਨੇ ਕਰਵਾਇਆ ਸੀ। ਫਿਰ ਅੱਗੋਂ ਇਸ ਪਰਿਵਾਰ ਦੇ ਹੋਰ ਸਬੰਧੀਆਂ ਸ੍ਰ ਗੁਰਪ੍ਰੀਤ ਸਿੰਘ ਦਿੱਲੀ ਵਾਲਿਆਂ ਨਾਲ ਹੋਇਆ। ਇਹ ਸਾਰੇ ਕੀਰਤਨ ਦੇ ਰਸੀਏ ਹਨ।ਖੈਰ-ਸ੍ਰ ਰਾਮ ਸਿੰਘ ਹੋਰਾਂ ਦਾ ਸੁਨੇਹਾ ਮਿਲਿਆ ਕਿ ਮੈਂ ਕਿਸੇ ਦਿਨ ਉਹਨਾਂ ਦੇ ਘਰ ਆਵਾਂ। ਮਿਸਜ਼ ਰਾਮ ਸਿੰਘ ਗੱਲਬਾਤ ਨਹੀਂ ਕਰ ਸਕਦੇ ਪਰ ਜੇ 'ਵਾਹਿਗੁਰੂ ਵਾਹਿਗੁਰੂ' ਗਾਈਏ ਤਾਂ ਉਹ ਨਾਲ ਨਾਲ ਗਾਉਣ ਲੱਗ ਪੈਂਦੇ ਹਨ।ਉਦੋਂ ਅਸੀਂ ਇਸ ਨੂੰ ਇਕ ਕ੍ਰਿਸ਼ਮਾ ਮੰਨਿਆ ਸੀ।

ਪਰ ਜਦੋਂ ਮੈਂ ਇਕ ਦਿਨ ਇਕ ਮੈਗਜ਼ੀਨ 'ਓਸ਼ੋ ਟਾਈਮਜ਼' ਪੜ੍ਹ ਰਿਹਾ ਸਾਂ ਤਾਂ ਇਹ ਭੇਦ ਖੁਲ੍ਹਾ ਕਿ ਇਹ ਕ੍ਰਿਸ਼ਮਾ ਕੇਵਲ ਮਿਸਜ਼ ਰਾਮ ਸਿੰਘ ਹੋਰਾਂ ਨਾਲ ਹੀ ਨਹੀਂ ਹੋਇਆ ਸਗੋਂ ਇਹ ਤਾਂ ਮਨੁੱਖੀ ਦਿਮਾਗ ਦੇ ਦੋ ਹਿੱਸਿਆਂ ਦੀ ਕਰਾਮਾਤ ਹੈ।ਮਨੁੱਖ ਦੇ ਦਿਮਾਗ ਦੇ ਦੋ ਹਿੱਸੇ ਹੁੰਦੇ ਹਨ। ਸੱਜਾ ਦਿਮਾਗ ਅਤੇ ਖੱਬਾ ਦਿਮਾਗ।ਖੱਬਾ ਦਿਮਾਗ ਗੱਲਬਾਤ ਅਤੇ ਤਰਕਪੂਰਨ ਭਾਵਾਂ ਦਾ ਸੰਚਾਲਨ ਕਰਦਾ ਹੈ ਅਤੇ ਸੱਜਾ ਦਿਮਾਗ ਸੰਗੀਤ,ਕਵਿਤਾ,ਕਲਾ ਆਦਿ ਨੂੰ ਸੰਚਾਲਤ ਕਰਦਾ ਹੈ।ਜੇ ਕਿਸੇ ਕਾਰਨ ਖੱਬਾ ਦਿਮਾਗ ਕੰਮ ਕਰਨਾ ਬੰਦ ਕਰ ਦੇਵੇ ਤਾਂ ਵੀ ਸੱਜੇ ਦਿਮਾਗ ਰਾਹੀਂ ਮਨੁੱਖ ਵਿੱਚ ਸੰਗੀਤ ਨੂੰ ਸਮਝਣ ਅਤੇ ਗਾਣਾ ਗਾਉਣ ਦੀ ਸਮਰਥਾ ਕਾਇਮ ਰਹਿੰਦੀ ਹੈ।

ਇਸ ਤਰ੍ਹਾਂ ਸੰਗੀਤ ਹੀ ਇਕ ਅਜਿਹਾ ਮਾਧਿਅਮ ਹੈ ਜਿਹੜਾ ਬਿਨਾ ਕਿਸੇ ਰੁਕਾਵਟ ਦੇ ਮਨੁੱਖੀ ਚੇਤਨਾ ਦੀਆਂ ਡੂੰਘੀਆਂ ਅਤੇ ਅਥਾਹ ਪਰਤਾਂ ਉੱਤੇ ਵੀ ਪ੍ਰਭਾਵ ਪਾਉਂਦਾ ਹੈ ਇਸ ਨੂੰ ਅਜਿਹੀ ਭਾਸ਼ਾ ਵੀ ਕਿਹਾ ਜਾ ਸਕਦਾ ਹੈ ਜਿਸ ਨੂੰ ਮਹਿਸੂਸ ਕਰਕੇ ਸਮਝਿਆ ਜਾ ਸਕਦਾ ਹੈ ਪਰ ਇਸਦਾ ਅਨੁਵਾਦ ਨਹੀਂ ਕੀਤਾ ਜਾ ਸਕਦਾ।

ਹੁਣ ਸੰਗੀਤ ਕੇਵਲ ਮਨੋਰੰਜਨ ਦਾ ਸਾਧਨ ਹੀ ਨਹੀਂ ਰਿਹਾ ਸਗੋਂ ਇਸ ਨਾਲ ਸਾਈਕਾਸਿਸ, ਨਿਊਰਾਸਿਸ, ਡਿਪਰੈਸ਼ਨ, ਤਣਾਉ ਆਦਿ ਬਿਮਾਰੀਆਂ ਦਾ ਇਲਾਜ ਵੀ ਕੀਤਾ ਜਾ ਸਕਦਾ ਹੈ।ਭਾਰਤ ਵਿੱਚ ਨੈਸ਼ਨਲ ਇੰਸਟੀਚਿਊਟ ਆਫ ਮੈਂਟਲ ਹੈਲਥ ਬੰਗਲੌਰ ਵਿੱਚ ਕੀਤੇ ਤਜਰਬੇ ਦਸਦੇ ਹਨ ਕਿ ਨਿਊਸਿਸ ਦੇ ਮਰੀਜ਼ਾਂ ਲਈ ਤੰਤੀ-ਸਾਜ਼ ਦਾ ਸੁਰੀਲਾ ਸੰਗੀਤ, ਖਿੰਡੀ ਪੁੰਡੀ ਮਾਨਿਸਿਕ ਦਸ਼ਾ ਵਾਲੇ ਪਾਗਲ ਮਰੀਜ਼ਾਂ ਲਈ ਤੇਜ਼ ਸੰਗੀਤ ਅਤੇ ਡਿਪਰੈਸ਼ਨ ਦੇ ਮਰੀਜ਼ਾਂ ਲਈ ਉਹਨਾਂ ਦੁਆਰਾ ਗਾਇਆ ਗੀਤ ਫਇਦੇਮੰਦ ਹੁੰਦਾ ਹੈ।ਜੇ ਮਰੀਜ਼ ਆਪ ਕੋਈ ਸਾਜ਼ ਵਜਾਏ ਤਾਂ ਹੋਰ ਵੀ ਬੇਹਤਰ ਇਲਾਜ ਹੋ ਸਕਦਾ ਹੈ।

ਸਮਾਜਿਕ ਮਾਨਸਿਕਤਾ ਬਾਰੇ ਵਿਚਾਰ ਕਰਦਿਆਂ ਪਤਾ ਲੱਗਾ ਹੈ ਕਿ ਜਿਹੜੇ ਵਿਅਕਤੀਆਂ ਨੂੰ ਰੋਜ਼ ਇੱਕੋ ਜਿਹਾ ਕੰਮ ਕਰਨਾ ਪੈਂਦਾ ਹੈ ਸੰਗੀਤ ਉਹਨਾਂ ਦੀ ਬੋਰੀਅਤ ਦੂਰ ਕਰਦਾ ਹੈ। ਇਹੋ ਕਾਰਨ ਹੈ ਕਿ ਖੇਤਾਂ ਵਿੱਚ ਕੰਮ ਕਰਦੇ ਮਜ਼ਦੂਰ ਕੰਮ ਕਰਦੇ ਹੋਏ ਗੀਤ ਗਾਉਂਦੇ ਹਨ। ਇਸ ਨਾਲ ਫਸਲਾਂ ਨੂੰ ਵਧਣ ਫੁੱਲਣ ਵਿੱਚ ਵੀ ਸਹਾਇਤਾ ਮਿਲਦੀ ਹੈ। ਇਹ ਵੀ ਵੇਖਿਆ ਗਿਆ ਹੈ ਕਿ ਜਿਹੜੀਆਂ ਫਸਲਾਂ ਬੂਟਿਆਂ ਤੇ ਬ੍ਰਿਛਾਂ ਨੂੰ ਸੰਗੀਤ ਸੁਣਾਇਆ ਜਾਂਦਾ ਹੈ ਉਹ ਛੇਤੀ ਹੀ ਵਿਕਸਿਤ ਹੁੰਦੇ ਹਨ ਉਹਨਾਂ ਨੂੰ ਬਿਮਾਰੀਆਂ ਵੀ ਘੱਟ ਲੱਗਦੀਆਂ ਹਨ। ਕਸਰਤ ਕਰਦਿਆਂ ਸੰਗੀਤ ਸੁਣਿਆ ਜਾਵੇ ਤਾਂ ਹਿਰਦੇ ਦੀ ਗਤੀ ਅਤੇ ਬਲੱਡ-ਪ੍ਰੈਸ਼ਰ ਨਾਰਮਲ ਰਹਿੰਦੇ ਹਨ। ਦਰਦਨਾਕ ਅਪ੍ਰੇਸ਼ਨ ਦੌਰਾਨ ਜੇ ਸੰਗੀਤ ਸੁਣਿਆ ਜਾਵੇ ਤਾਂ ਮਰੀਜ਼ ਚੰਗਾ ਮਹਿਸੂਸ ਕਰਦਾ ਹੈ ਅਤੇ ਆਪ੍ਰੇਸ਼ਨ ਦਾ ਸਾਈਡ ਅਫੈਕਟ ਵੀ ਘਟ ਹੁੰਦਾ ਹੈ।

ਤਿੱਬਤ ਵਿੱਚ ਸੱਤ ਧਾਤੂਆਂ ਦੇ ਬਣੇ ਕਟੋਰਿਆਂ ਦੀਆਂ ਧੁਨੀਆਂ ਨਾਲ ਕਈ ਰੋਗਾਂ ਦਾ ਇਲਾਜ ਹੁੰਦਾ ਹੈ। ਸੰਗੀਤ ਅਤੇ ਮਨੁੱਖੀ ਸਰੀਰ ਦੇ ਸਬੰਧ ਬਾਰੇ ਓਸ਼ੋ ਦਾ ਕਥਨ ਹੈ "ਤੁਹਾਡਾ ਸਰੀਰ ਵੀ ਇੱਕ ਸਾਜ਼ ਹੈ। ਉਸ ਨੂੰ ਲੈਅ-ਬੱਧਤਾ ਦੀ ਲੋੜ ਹੈ। ਜਦੋਂ ਸਰੀਰ ਦੀ ਲੈਅ ਬੱਧਤਾ ਬਿੱਖਰ ਜਾਂਦੀ ਹੈ ਤਾਂ ਤੁਸੀਂ ਬਿਮਾਰ ਹੋ ਜਾਂਦੇ ਹੋ। ਜਦੋਂ ਸੰਗੀਤ ਸੁਣਦੇ ਹੋ ਤਾਂ ਚੰਗੇਰਾ ਮਹਿਸੂਸ ਕਰਦੇ ਹੋ। ਕਾਰਣ ਇਹ ਹੈ ਕਿ ਸਰੀਰ ਦੀ ਬਣਤਰ ਅਤੇ ਗਤੀਵਿਧੀ ਸੰਗੀਤਮਈ ਹੈ।


ਗੁਰਬਾਣੀ ਵਿੱਚ ਵੀ ਮਨੁੱਖ, ਸਰੀਰ, ਸੰਗੀਤ ਅਤੇ ਕੀਰਤਨ ਦੇ ਸਬੰਧ ਵਿੱਚ ਅਨੇਕਾਂ ਫੁਰਮਾਨ ਆਏ ਹਨ। ਮਨੁੱਖੀ ਸਰੀਰ ਨੂੰ ਰਬਾਬ ਅਤੇ ਜੰਤ ਅਰਥਾਤ ਸਾਜ਼ ਨਾਲ ਤੁਲਨਾ ਦਿੱਤੀ ਗਈ ਹੈ। ਕੀਰਤਨ ਕਈ ਬਿਮਾਰੀਆਂ ਦਾ ਇਲਾਜ ਕਰਦਾ ਹੈ-

ਹਰਿ ਕੀਰਤਨ ਸੁਣੈ ਹਰਿ ਕੀਰਤਨ ਗਾਵੈ ॥
ਤਿਸੁ ਜਨ ਦੂਖੁ ਨਿਕਟਿ ਨਹੀਂ ਆਵੈ ॥ (190)

ਵੈਰ ਵਿਰੋਧ ਮਿਟੇ ਤਿਹ ਮਨ ਤੇ
ਹਰਿ ਕੀਰਤਨ ਗੁਰਮੁਖਿ ਜੋ ਸੁਨਤੇ ॥ (259)

ਪਰ ਅਜੇ ਗੁਰਬਾਣੀ ਦੇ ਪ੍ਰਭਾਵਾਂ ਬਾਰੇ ਹੋਰ ਅਧਿਐਨ ਕਰਨ ਦੀ ਲੋੜ ਹੈ। (ਅੰਮ੍ਰਿਤ ਕੀਰਤਨ ਮਈ 1997 )

**ਭੁੱਲ ਚੁੱਕ ਖਿਮਾ**



# ਗੁਰਮਤਿ ਸੰਗੀਤ ਵਿਚ 'ਗੁਰਮਤਿ ਸੰਗੀਤ ਨਿਰਣਯ' ਦਾ ਯੋਗਦਾਨ

**ਡਾ.ਗੁਰਨਾਮ ਸਿੰਘ**

ਗੁਰਮਤਿ ਸੰਗੀਤ ਪਰ ਹੁਣ ਤੀਕ ਮਿਲੀ ਖੋਜ ਦਾ ਮਨੋਰਥ ਇਸ ਮਹੱਤਵਪੂਰਨ ਵਿਸ਼ੇ ਗੁਰਮਤਿ ਸੰਗੀਤ ਨੂੰ ਉਜਾਗਰ ਕਰਨਾ ਸੀ ਜਿਸਨੂੰ ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ ਨੇ ਵਿਸ਼ੇਸ਼ ਰਚਨਾ ਵਜੋਂ ਪ੍ਰਕਾਸ਼ਿਤ ਕੀਤਾ। ਗੁਰਮਤਿ ਸੰਗੀਤ ਦੀਆਂ ਪੁਸਤਕਾਂ ਦੇ ਸੰਗ੍ਰਹਿ ਵਜੋਂ ਪ੍ਰਕਾਸ਼ਿਤ ਇਸ ਰਚਨਾ ਅਧੀਨ ਪ੍ਰਥਮ ਪੁਸਤਕ 'ਗੁਰਮਤਿ ਸੰਗੀਤ ਨਿਰਣਯ' ਹੈ।

'ਗੁਰਮਤਿ ਸੰਗੀਤ ਨਿਰਣਯ' ਗੁਰਮਤਿ ਸੰਗੀਤ ਦੇ ਸਿਧਾਂਤਕ ਪੱਖਾਂ ਸਬੰਧੀ ਪੁਰਾਤਨ ਪੁਸਤਕਾਂ ਵਿਚੋਂ ਇਕ ਹੈ ਜੋ ਕਿ 1958 ਵਿਚ 'ਗੁਰਮਤਿ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਦੇ ਅੰਤਰਗਤ ਇਸ ਦੇ ਪ੍ਰਥਮ ਭਾਗ ਵਜੋਂ ਪ੍ਰਕਾਸ਼ਤ ਹੋਈ। ਇਸ ਵਿਚ 1907 ਤੋਂ 1958 ਤੱਕ ਵੱਖ-ਵੱਖ ਸਮੇਂ ਗੁਰਮਤਿ ਸੰਗੀਤ ਵਿਸ਼ੇ ਉਤੇ ਪ੍ਰਾਪਤ ਖੋਜ ਭਰਪੂਰ ਲੇਖ ਦਰਜ ਹਨ। ਇਸ ਵਿਚ ਡਾ. ਭਾਈ ਚਰਨ ਸਿੰਘ, ਡਾ. ਭਾਈ ਵੀਰ ਸਿੰਘ, ਡਾ. ਬਲਬੀਰ ਸਿੰਘ ਦੀਆਂ ਰਚਨਾਵਾਂ ਉਪਲਬੱਧ ਹਨ। ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਉਕਤ ਵਿਦਵਾਨਾਂ ਨੇ ਗੁਰਮਤਿ ਸੰਗੀਤ ਨੂੰ ਗੁਰੂ ਸਾਹਿਬਾਨ ਦੇ ਇਕ ਸੁਤੰਤਰ ਮੱਤ ਵਜੋਂ ਸਵੀਕਾਰਿਆ ਹੈ। ਵਰਤਮਾਨ ਸਮੇਂ ਗੁਰਮਤਿ ਸੰਗੀਤ ਦੀ ਸੁਤੰਤਰ ਸਥਾਪਤੀ ਦਾ ਸਾਕਾਰ ਹੋਣਾ ਇਸ ਦਾ ਪ੍ਰਤੱਖ ਸਰੂਪ ਹੈ।

'ਗੁਰਮਤਿ ਸੰਗੀਤ ਨਿਰਣਯ' ਵਿਚ ਪ੍ਰਥਮ ਰਚਨਾ ਭਾਈ ਸਾਹਿਬ ਭਾਈ ਡਾ. ਵੀਰ ਸਿੰਘ ਜੀ ਦੀ ਅਦੁੱਤੀ ਕਲਮ ਦੀ ਲਿਖਤ ਹੈ ਜਿਸ ਵਿਚ ਉਨ੍ਹਾਂ ਨੇ ਸ਼ਬਦ ਦੇ ਭਾਵ ਤੇ ਰਾਗ ਦੀ ਤਾਸੀਰ ਨੂੰ ਕਲਮਬੱਧ ਕੀਤਾ ਹੈ। ਇਸ ਵਿਚ ਭਾਈ ਸਾਹਿਬ ਨੇ ਸ਼ਬਦ ਕੀਰਤਨ ਵਿਚ ਆ ਰਹੇ ਨਿਘਾਰ ਬਾਰੇ ਆਪਣੀ ਚਿੰਤਾ ਜਾਹਿਰ ਕਰਦਿਆਂ ਇਸ ਮਹਾਨ ਗੁਰਮੁਖੀ ਮਹਾਨ ਸ਼ਬਦ ਕੀਰਤਨ ਪਰੰਪਰਾ ਨੂੰ ਸੰਭਾਲਣ ਦੀ ਤਾਕੀਦ ਕੀਤੀ ਹੈ। ਇਸੇ ਹੀ ਕਲਮ ਦੀ ਲਿਖਤ ਇਸ ਪੁਸਤਕ ਦੀ ਦੂਸਰੀ ਰਚਨਾ 'ਗੁਰਮਤਿ ਸੰਗੀਤ ਹੋਰ ਸੰਗੀਤ ਮੱਤਾਂ ਤੋਂ ਭਿੰਨ ਹੈ', ਵਿਚ ਗੁਰਮਤਿ ਸੰਗੀਤ ਨੂੰ ਬਾਕੀ ਸੰਗੀਤ ਮੱਤਾਂ ਤੋਂ ਭਿੰਨ ਸਥਾਪਤ ਕਰਨ ਦੀ ਮਹਤੱਵਪੂਰਨ ਖੋਜ ਦਰਜ ਹੈ। ਇਸ ਪੁਸਤਕ ਦੀ ਤੀਸਰੀ ਰਚਨਾ ਡਾ. ਭਾਈ ਚਰਨ ਸਿੰਘ ਦੀ ਲਿਖਤ ਹੈ ਜਿਸ ਵਿਚ ਭਿੰਨ-ਭਿੰਨ ਰਾਗ ਮਾਲਾਂ ਦਾ ਖੋਜ ਭਰਪੂਰ ਤੁਲਨਾਤਮਕ ਵਿਸ਼ਲੇਸ਼ਣ ਕੀਤਾ ਹੈ। ਇਸ ਵਿਚ ਗਿਆਰਾਂ ਰਾਗ ਮਾਲਾਂ ਦੇ ਵਿਸ਼ਲੇਸ਼ਣ ਨੂੰ ਨਕਸ਼ੇ ਰਾਹੀਂ ਸਪਸ਼ਟ ਕੀਤਾ ਹੈ। ਇਸ ਖੋਜ ਦਾ ਉਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਮਾਲਾ ਦਾ ਭਾਰਤੀ ਸੰਗੀਤ ਵਿਚ ਪ੍ਰਚਲਿਤ ਰਾਗ ਮਾਲਾਂ ਨਾਲੋਂ ਭਿੰਨ ਸਿੱਧ ਕਰਨਾ ਹੈ। ਇਨ੍ਹਾਂ ਰਾਗ ਮਾਲਾਂ ਵਿਚ ਸ਼ਿਵ ਮੱਤ (ਰਾਧਾ ਗੋਬਿੰਦ ਸੰਗੀਤ ਸਾਰ ਵਿਚੋਂ), ਸ਼ਿਵ ਮੱਤ (ਕਾਨੂੰਨੇ ਮੌਸੀਕਾ ਕਿਤਾਬ ਵਿਚੋਂ), ਕਾਲੀ ਨਾਥ ਮੱਤ (ਕਾਨੂੰਨੇ ਮੌਸੀਕਾ ਕਿਤਾਬ ਵਿਚੋਂ), ਭਾਰਤ ਮਤ (ਕਾਨੂੰਨੇ ਮੋਸੀਕਾ ਕਿਤਾਬ ਵਿਚੋਂ), ਹੰਨੂਮਾਨ ਮੱਤ (ਰਾਧਾ ਗੋਬਿੰਦ ਸੰਗੀਤ ਸਾਰ ਵਿਚੋਂ), ਹੰਨੂਮਾਨ ਮੱਤ (ਬੁੱਧ ਪ੍ਰਕਾਸ਼ ਦਰਪਨ ਵਿਚੋਂ), ਹੰਨੂਮਾਨ ਮੱਤ (ਸੰਗੀਤ ਵਿਨੋਦ ਵਿਚੋਂ), ਹੰਨੂਮਾਨ ਮੱਤ (ਰਾਗ ਦੀਪਕਾ ਵਿਚੋਂ), ਨਾਮ ਰਾਗਾਂ ਦੀਆਂ ਧੀਆਂ ਦੇ (ਹੰਨੂਮਤ ਮੱਤ

ਅਨੁਸਾਰ ਕਾਨੂੰਨੇ ਮੌਸੀਕਾ ਵਿਚੋਂ), ਸਿੱਧ ਸਾਰਸੁਤ ਮੱਤ (ਰਾਧਾ ਗੋਬਿੰਦ ਸਾਰ ਵਿਚੋਂ), ਰਾਗਰਾਣਵ ਮੱਤ (ਰਾਧਾ ਗੋਬਿੰਦ ਸਾਰ ਵਿਚੋਂ), ਗੁਰਮਤਿ ਸੰਗੀਤ (ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ) ਦਾ ਉਲੇਖ ਕੀਤਾ ਹੈ।

'ਗੁਰਮਤਿ ਸੰਗੀਤ ਨਿਰਣਯ' ਪੁਸਤਕ ਦੀ ਚੌਥੀ ਰਚਨਾ ਡਾ. ਭਾਈ ਵੀਰ ਸਿੰਘ ਜੀ ਦੁਆਰਾ ਲਿਖਤ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਰਾਗਾਂ ਦਾ 'ਖੁਲਾਸਾ ਭੇਦ ਪ੍ਰਭੇਦ' ਸੰਖੇਪਿਤ ਲਿਖਤ ਰਾਹੀਂ ਅੰਕਿਤ ਕੀਤਾ ਗਿਆ ਹੈ। ਪੁਸਤਕ ਦੀ ਪੰਜਵੀਂ ਰਚਨਾ 'ਗੁਰਮਤਿ ਸੰਗੀਤ ਦੇ ਹੋਰ ਨੁਕਤੇ' ਹੈ ਜਿਸ ਵਿਚ ਗੁਰਮਤਿ ਸੰਗੀਤ ਦੇ ਇਤਿਹਾਸਕ ਵੇਰਵੇ ਦਰਜ ਹਨ। ਇਸ ਪੁਸਤਕ ਦੀ ਛੇਵੀਂ ਰਚਨਾ 'ਰਾਗ ਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ' ਡਾ. ਭਾਈ ਵੀਰ ਸਿੰਘ ਦੁਆਰਾ ਲਿਖਤ ਰਚਨਾ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਮਾਲਾ ਸਬੰਧੀ ਖੋਜ ਭਰਪੂਰ ਜਾਣਕਾਰੀ ਦਿਤੀ ਹੈ। ਇਸ ਵਿਚ ਆਲਮ ਕਵੀ ਦੇ ਮਾਧਵਾਨਲ ਦੇ ਰਾਗਾਂ ਅਤੇ ਮਾਧਵਾਨਲ ਬੁਧ ਸਿੰਘ ਵਾਲੇ ਗ੍ਰੰਥ ਵਿਚ ਦਰਜ ਰਾਗ ਮਾਲਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਦਾ ਤੁਲਨਾਤਮਕ ਅਧਿਐਨ ਕੀਤਾ ਹੈ। ਪੁਸਤਕ ਦੇ ਸੰਪਾਦਕ ਵਲੋਂ ਗੁਰੂ ਅਰਜਨ ਦੇਵ ਦੁਆਰਾ ਬਾਣੀ ਰੂਪ ਵਿਚ ਕੀਰਤਨੀਆਂ ਨੂੰ ਦਿਤੀ ਸਿਖਿਆ ਦਰਜ ਹੈ। ਪੁਸਤਕ ਦੀ ਅੰਤਿਮ ਰਚਨਾ ਵਜੋਂ ਡਾ. ਭਾਈ ਬਲਬੀਰ ਸਿੰਘ ਦਾ ਰਬਾਬ ਲੇਖ ਆਪਣੇ ਆਪ ਵਿਚ ਮੀਲ ਪੱਥਰ ਹੈ। ਸ਼ਬਦ ਤੇ ਸੰਗੀਤ ਦੀ ਸਾਂਝ ਅਤੇ ਗੁਰਮਤਿ ਸੰਗੀਤ ਦੀ ਰੂਹਾਨੀਅਤ ਨੂੰ ਸਮਝਣ ਲਈ ਇਹ ਲੇਖ ਮਹੱਤਵਪੂਰਣ ਹੈ।

65 ਪੰਨਿਆਂ ਦੀ ਇਹ ਮਹੱਤਵਪੂਰਨ ਪੁਸਤਕ 'ਗੁਰਮਤਿ ਸੰਗੀਤ ਨਿਰਣਯ' ਨੂੰ ਸਿਧਾਂਤਕ ਤੌਰ ਤੇ ਬੁਨਿਆਦੀ ਸਰੋਤ ਮੰਨਿਆ ਜਾ ਸਕਦਾ ਹੈ। ਗੁਰਮਤਿ ਸੰਗੀਤ ਦੇ ਪਾਠਕਾਂ ਤੇ ਖੋਜਕਾਰਾਂ ਲਈ ਇਹ ਪੁਸਤਕ ਮਹੱਤਵਪੂਰਨ ਤੇ ਲਾਭਕਾਰੀ ਹੈ ਜਿਸ ਵਿਚ ਗੁਰਮਤਿ ਸੰਗੀਤ ਪਰੰਪਰਾ ਨੂੰ ਸੁਤੰਤਰ ਰੂਪ ਵਿਚ ਸਵੀਕਾਰੇ ਜਾਣ ਦੇ ਪਰਿਪਕ ਹਵਾਲੇ ਤੇ ਵਿਆਖਿਆ ਮਿਲਦੀ ਹੈ। ਇਸ ਲਈ ਡਾ. ਭਾਈ ਚਰਨ ਸਿੰਘ, ਭਾਈ ਵੀਰ ਸਿੰਘ ਅਤੇ ਡਾ. ਬਲਬੀਰ ਸਿੰਘ ਹਮੇਸ਼ਾਂ ਸਾਡੇ ਸਤਿਕਾਰਤ ਧੰਨਵਾਦ ਦੇ ਪਾਤਰ ਰਹਿਣਗੇ।

**ਬਾਨੀ, ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**
**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ‘ਰਾਗਾਂਜਲੀ’ ਤੇ ਉਹਦਾ ਲੇਖਕ ਗੁਰਬਖ਼ਸ਼ ਸਿੰਘ

**ਵਰਿਆਮ ਸਿੰਘ ਸੰਧੂ**
**ਫੋਨ ਨੰ: *7475351539***

ਗੁਰਬਖ਼ਸ਼ ਸਿੰਘ ਇੰਜੀਨੀਅਰਿੰਗ ਅਤੇ ਹਿਸਾਬ ਦਾ ਵਿਦਿਆਰਥੀ ਰਿਹਾ ਹੈ ਤੇ ਸਾਰੀ ਉਮਰ ਲੰਡਨ ਦੇ ਕਾਲਜ ਵਿਚ ਹਿਸਾਬ ਪੜ੍ਹਾਇਆ । ਪਰ ਕੋਮਲ ਕਲਾਵਾਂ ਵਿਚ ਉਸਦੀ ਰੁਚੀ ਮੁੱਢ ਤੋਂ ਹੀ ਸੀ। ਖਾਸ ਤੌਰ ‘ਤੇ ਸੰਗੀਤ ਦਾ ਸ਼ੌਕ ਉਸਦੀ ਰੂਹ ਵਿਚ ਵੱਸਿਆ ਹੋਇਆ ਸੀ। ਉਹਦੀ ਕਲਾਸੀਕਲ ਰਾਗਾਂ ਬਾਰੇ ਬੜੀ ਹੀ ਮਹੱਤਵ ਪੂਰਨ ਕਿਤਾਬ ‘ਰਾਗਾਂਜਲੀ’ ਹਿੰਦੀ ਅਤੇ ਪੰਜਾਬੀ ਵਿਚ ਛਪੀ ਹੈ। ਇਸਦੀ ਸੰਗੀਤ ਜਗਤ ਵਿਚ ਬੜੀ ਸੋਭਾ ਹੋਈ ਹੈ। ਭਾਵੇਂ ਪੰਜਾਬੀ ਵਿਚ ਵੀ ਇਸਦੀ ਲੋੜੀਂਦੀ ਚਰਚਾ ਤਾਂ ਹੋਈ ਹੈ ਪਰ ਹਿੰਦੀ ਵਿਚ ਤਾਂ ਇਸ ਬਾਰੇ ਬੜੇ ਸੈਮੀਨਾਰ ਹੋਏ ਤੇ ਵੱਡੇ ਹਿੰਦੀ ਚੈਨਲਾਂ ‘ਤੇ ਇਸ ਪੁਸਤਕ ਬਾਰੇ ਚਰਚਾ ਹੋਈ ਹੈ । ਦਰਜਨਾਂ ਵੈਬੀਨਾਰ ਕੀਤੇ ਗਏ ਹਨ। ਹਿੰਦੀ ਵਿਚ ਇਸ ਪੁਸਤਕ ਨੂੰ ਭਰਪੂਰ ਹੁੰਗਾਰਾ ਮਿਲਣ ਕਰ ਕੇ ਇਸਦਾ ਦੂਜਾ ਸੰਸਕਰਣ ਵੀ ਛਪ ਚੁੱਕਾ ਹੈ। ਪਰ ਪੰਜਾਬੀ ਸੰਗੀਤ-ਕੋਮਲ-ਕਲਾਵਾਂ ਬਾਰੇ ਡੂੰਘੀ ਤਰ੍ਹਾਂ ਜਾਣਨ ਦੀ ਤਾਂਘ ਦਾ ਨਾ ਹੋਣਾ ਵੀ ਹੈ ਤੇ ਗੁਰਬਖ਼ਸ਼ ਸਿੰਘ ਦਾ ਸੰਗਾਊ ਸੁਭਾਅ ਵੀ, ਜਿਸਨੂੰ ਆਪਣੇ ਬਾਰੇ ‘ਰੌਲਾ’ ਪਾਉਣ ਦੀ ਜਾਚ ਨਹੀਂ। ਪੰਜਾਬੀ ਦੇ ਸੰਗੀਤ ਪ੍ਰੇਮੀਆਂ ਲਈ ਇਸ ਕਿਤਾਬ ਬਾਰੇ ਜਾਣਕਾਰੀ ਦੇਣ ਲਈ ਕਹਾਣੀਕਾਰ ਵਰਿਆਮ ਸਿੰਘ ਸੰਧੂ ਦਾ ਇਹ ਲੇਖ ਪਾਠਕਾਂ ਦੀ ਨਜ਼ਰ ਹੈ।

ਪਰ ਪਹਿਲਾਂ ਗੁਰਬਖ਼ਸ਼ ਸਿੰਘ ਬਾਰੇ ਕੁਝ ਨਿੱਜੀ ਜਾਣਕਾਰੀ ਸਾਂਝੀ ਕਰਨ ਦੇ ਲਾਲਚ ਤੋਂ ਬਚ ਨਹੀਂ ਸਕਦਾ।

ਪਰਵਾਸੀ ਸ਼ਾਇਰ ਗੁਰਨਾਮ ਢਿੱਲੋਂ ਤੇ ਗੁਰਬਖ਼ਸ਼ ਸਿੰਘ 1964 ਵਿਚ ਸਿਰਫ਼ ਕੁਝ ਮਹੀਨਿਆਂ ਲਈ ਹੀ ਮੇਰੇ ਉਸਤਾਦ ਰਹੇ ਸਨ। ਮੈਂ ਉਦੋਂ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਜੇ.ਬੀ.ਟੀ. ਦਾ ਵਿਦਿਆਰਥੀ ਸਾਂ। ਇਨ੍ਹਾਂ ਦੋਹਾਂ ਦੀ ਉਸ ਸਕੂਲ ਵਿਚ ਸ਼ਾਇਦ ਪਹਿਲੀ ਨਿਯੁਕਤੀ ਸੀ। ਨਵਾਂ ਨਵਾਂ ਵਿਦਿਆਰਥੀ ਜੀਵਨ ਛੱਡਿਆ ਹੋਣ ਕਰਕੇ ਅਤੇ ਉਮਰਾਂ ਦਾ ਫ਼ਰਕ ਘੱਟ ਹੋਣ ਕਰਕੇ ਵੀ ਇਨ੍ਹਾਂ ਦੋਹਾਂ ਦਾ ਸਾਡੇ ਲਈ ਰਵੱਈਆ ਦੋਸਤਾਨਾ ਸੀ। ਗੁਰਨਾਮ ਢਿੱਲੋਂ ਸਾਡੇ ਨਾਲ ਸ਼ਾਮ ਨੂੰ ਫੁੱਟਬਾਲ ਵੀ ਖੇਡਦਾ। ਗੁਰਬਖ਼ਸ਼ ਸਿੰਘ ਸਾਡੇ ਹੋਸਟਲ ਦਾ ਸੁਪਰਡੈਂਟ ਸੀ। ਮੈਂ ਹੋਸਟਲ ਅਤੇ ਵਿਦਿਆਰਥੀਆਂ ਦਾ ਆਗੂ ਹੋਣ ਕਰਕੇ ਉਸਨੂੰ ਅਕਸਰ ਮਿਲਦਾ ਸਾਂ। ਉਹ ਸਾਹਿਤ ਦਾ ਬਹੁਤ ਸੁਚੇਤ ਪਾਠਕ ਸੀ ਤੇ ਸੰਗੀਤ ਵਿਚ ਉਸਦੀ ਵਿਸ਼ੇਸ਼ ਰੁਚੀ ਸੀ। ਮੇਰੀਆਂ ਸਾਹਿਤਕ ਰੁਚੀਆਂ ਕਰਕੇ ਉਹ ਮੇਰੀ ਕਦਰ ਕਰਦਾ ਤੇ ਮੇਰੀਆਂ ਕਹਾਣੀਆਂ ਸੁਣਦਾ, ਸੁਝਾਅ ਦਿੰਦਾ। ਮੈਂ ਦੇਰ ਰਾਤ ਤਕ ਉਸਦੇ ਕਮਰੇ ਵਿਚ ਬੈਠਾ ਰਹਿੰਦਾ। ਸਕੂਲ ਦੀਆਂ ਬਾਕਾਇਦਾ ਮਹਿਫ਼ਲਾਂ ਵਿਚ ਤੇ ਨਿਜੀ ਸੰਗਤ ਵਿਚ ਅਸੀਂ ਉਸ ਕੋਲੋਂ ਗੀਤ ਅਤੇ ਗ਼ਜ਼ਲਾਂ ਸੁਣਦੇ ਰਹਿੰਦੇ। ਅਸੀਂ ਯਾਰਾਂ ਵਰਗੇ ਉਸਤਾਦ-ਸ਼ਾਗਿਰਦ ਸਾਂ।

ਕੁਝ ਮਹੀਨਿਆਂ ਪਿੱਛੋਂ ਗੁਰਨਾਮ ਢਿੱਲੋਂ ਇੰਗਲੈਂਡ ਪਹੁੰਚ ਗਿਆ। ਫਿਰ ਉਸਨੇ ਗੁਰਬਖ਼ਸ਼ ਸਿੰਘ ਨੂੰ ਵੀ ‘ਕਾਗਜ਼-ਪੱਤਰ’ ਭੇਜ ਕੇ ਉਥੇ ਹੀ ਮੰਗਵਾ ਲਿਆ। ਮਨ ਵਿਚ ਚੇਤੇ ਹੁੰਦਿਆਂ ਵੀ ਇਹ ਦੋਵੇਂ ਉਸਤਾਦ ਵਰ੍ਹਿਆਂ ਬੱਧੀ ‘ਗਵਾਚੇ’ ਰਹੇ। ਮੈਂ ਤੇ ਗੁਰਨਾਮ ਢਿੱਲੋਂ ਪੰਜਾਬੀ ਲੇਖਕ ਹੋਣ ਦੇ ਨਾਤੇ ਇਕ ਦੂਜੇ ਨੂੰ ਪੜ੍ਹਦੇ ਤਾਂ

ਰਹਿੰਦੇ ਪਰ ਇਹ ਨਹੀਂ ਸਾਂ ਜਾਣਦੇ ਕਿ ਅਸੀਂ ਦੋਵੇਂ 'ਦੁਨੀਆਂ ਦੇ ਮੇਲੇ ਵਿਚ ਵਿਛੜੇ' ਸਰਹਾਲੀ ਸਕੂਲ ਵਾਲੇ ਉਹੋ ਉਸਤਾਦ-ਸ਼ਾਗਿਰਦ ਹਾਂ। ਆਖ਼ਰ ਗੁਰਨਾਮ ਢਿੱਲੋਂ ਨੇ ਹੀ ਮੈਨੂੰ ਲੱਭਿਆ। ਉਸਨੂੰ ਇਹ ਸ਼ੌਂਕ ਤਾਂ ਅੰਦਰੇ-ਅੰਦਰ ਸਦਾ ਹੀ ਰਿਹਾ ਸੀ ਕਿਤੇ ਇਹ 'ਵਰਿਆਮ ਸੰਧੂ' ਉਹੋ 'ਸਰਹਾਲੀ ਵਾਲਾ ਮੁੰਡਾ' ਤਾਂ ਨਹੀਂ ਪਰ ਉਹਨੂੰ ਯਕੀਨ ਨਹੀਂ ਸੀ ਆਉਂਦਾ। ਇਹ ਯਕੀਨ ਉਸਨੂੰ ਉਦੋਂ ਹੋਇਆ ਜਦੋਂ ਉਸਨੇ ਕਿਸੇ ਅਖ਼ਬਾਰ ਵਿਚ ਮੇਰੀ ਤਸਵੀਰ ਵੇਖੀ। ਤੇ ਫਿਰ 'ਇੰਡੀਆ' ਆਇਆ ਉਹ ਇਕ ਦਿਨ ਹਰਭਜਨ ਹੁੰਦਲ ਨੂੰ ਲੈ ਕੇ ਮੈਨੂੰ ਮਿਲਣ ਆ ਗਿਆ। ਸਾਡੀ ਟੁੱਟੀ ਹੋਈ ਕਰਿੰਘੜੀ ਨੂੰ ਸਾਡੇ ਸੁਭਾਵਾਂ ਦੀ ਸਾਂਝ ਨੇ ਕੁਝ ਇਸ ਤਰ੍ਹਾਂ ਪੀਚਵਾਂ ਬਣਾ ਦਿੱਤਾ ਕਿ ਸਾਡੀ 'ਉਸਤਾਦੀ-ਸ਼ਾਗਿਰਦੀ' ਨਿੱਘੀ ਦੋਸਤੀ ਵਿਚ ਬਦਲ ਗਈ।

ਜਦੋਂ ਮੈਂ 1997 ਵਿਚ ਇੰਗਲੈਂਡ ਗਿਆ ਤਾਂ ਗੁਰਨਾਮ ਢਿਲੋਂ ਰਾਹੀਂ ਗੁਰਬਖ਼ਸ਼ ਸਿੰਘ ਨੂੰ ਪੈਂਤੀ ਸਾਲਾਂ ਬਾਅਦ ਮਿਲਿਆ।

ਗੱਲ ਅਜੀਬ ਸੀ; ਗੁਰਬਖਸ਼ ਸਿੰਘ 'ਸਿਰਫ਼ ਤਿੰਨ ਮਹੀਨੇ' ਜਾਂ ਕੁਝ ਵੱਧ ਸਮਾਂ ਮੇਰਾ ਉਸਤਾਦ ਰਿਹਾ ਸੀ ਪਰ ਮੇਰੇ ਏਨਾ ਅੰਦਰ ਉਤਰ ਗਿਆ ਸੀ ਕਿ ਉਮਰ ਭਰ ਉਹਨੂੰ ਮਿਲਣ ਦੀ ਲਲ੍ਹਕ ਮੇਰੇ ਅੰਦਰ ਰਹੀ।

ਇੰਗਲੈਂਡ ਆ ਕੇ ਵੁਸਨੇ ਦੋਬਾਰਾ ਪੜ੍ਹਾਈ ਕੀਤੀ। ਪਹਿਲਾਂ ਸਕੂਲ ਵਿਚ ਅਤੇ ਫੇਰ ਕਾਲਜ ਵਿਚ ਪੜ੍ਹਾਉਣ ਲੱਗਾ। ਉਸਦਾ ਪੜ੍ਹਾਉਣ ਦਾ ਵਿਸ਼ਾ ਹਿਸਾਬ ਸੀ।

1997 ਵਿਚ ਉਹਦੇ ਇੰਗਲੈਂਡ ਵਾਲੇ ਘਰ ਹੋਈ ਗੱਲ-ਬਾਤ ਦੇ ਕੁਝ ਅੰਸ਼:

"ਜਮ੍ਹਾਂ-ਤਫ਼ਰੀਕਾਂ ਵਾਲਾ ਬੰਦਾ ਆਪਣੇ ਕਲਾਕਾਰ ਆਪੇ ਨਾਲ ਕਿਵੇਂ ਸੰਤੁਲਨ ਬਣਾ ਕੇ ਰੱਖ ਸਕਿਆ ?"

"ਮੈਂ ਆਪਣੇ, ਅੰਦਰਲੇ ਕਲਾਕਾਰ ਨੂੰ ਸਦਾ ਜ਼ਿੰਦਾ ਰੱਖਿਐ।" ਉਸਨੇ ਦੱਸਿਆ ਕਿ ਉਹ ਸੰਗੀਤ ਦੇ ਆਪਣੇ ਮੂਲ-ਮੋਹ ਤੋਂ ਮੁਨਕਰ ਨਹੀਂ ਹੋਇਆ। ਉਸਨੇ ਕਈ ਨਵੀਆਂ ਸੰਗੀਤਕ-ਬੰਧਸ਼ਾਂ ਬਣਾਈਆਂ ਤੇ ਇਹ ਭਾਰਤ ਵਿਚ ਰਾਸ਼ਟਰੀ ਮਾਨਤਾ ਪ੍ਰਾਪਤ ਰਸਾਲੇ 'ਸੰਗੀਤ' ਵਿਚ ਛਪਦੀਆਂ ਰਹੀਆਂ ਹਨ। ਉਹ ਰਿਆਜ਼ ਵੀ ਕਰਦਾ ਸੀ ਤੇ ਸ਼ੌਂਕ ਦੀ ਤ੍ਰਿਪਤੀ ਲਈ 'ਸਲੋਅ' ਦੇ ਗੁਰਦੁਆਰੇ ਵਿਚ ਸਿਖਿਆਰਥੀਆਂ ਲਈ ਸੰਗੀਤ ਦੀਆਂ ਕਲਾਸਾਂ ਬਿਨਾਂ ਕਿਸੇ ਫੀਸ ਤੋਂ ਲੈਂਦਾ ਸੀ।

"ਏਨੇ ਰੁਝੇਵੇਂ ਭਰੇ ਜੀਵਨ ਵਿਚੋਂ ਸਮਾਂ ਕਿਵੇਂ ਕੱਢ ਲੈਂਦੇ ਹੋ। ਏਥੇ ਤਾਂ ਸਮੇਂ ਦੀ ਤੰਗੀ ਦਾ ਅਕਸਰ ਜ਼ਿਕਰ ਕੀਤਾ ਜਾਂਦਾ ਹੈ।"

ਉਹ ਮਿੰਨ੍ਹਾ ਜਿਹਾ ਮੁਸਕਰਾਇਆ, ਪਰ ਦੂਜੇ ਪਲ ਹੀ ਗੰਭੀਰ ਹੋ ਗਿਆ।

"ਐਜੂਕੇਸ਼ਨ ਡਿਪਾਰਟਮੈਂਟ ਵਿਚ ਹੀ ਨਹੀਂ, ਜਦੋਂ ਮੈਂ ਇੰਡਸਟਰੀ ਵਿਚ ਕੰਮ ਕਰਦਾ ਸਾਂ ਉਦੋਂ ਵੀ ਇਸ ਸ਼ੌਂਕ ਲਈ ਸਮਾਂ ਕੱਢ ਲੈਂਦਾ ਸਾਂ। ਟਾਈਮ ਮਿਲ ਜਾਂਦਾ ਹੈ... ਐਵੇਂ ਲੋਕੀਂ ਰੋਹਬ ਪਾਉਂਦੇ ਨੇ।... ਟਾਈਮ ਦੀ ਕਿੱਲਤ ਦਾ ਰੌਲ਼ਾ ਪਾਉਣ ਵਾਲੇ 'ਓਵਰ-ਟਾਈਮ' ਦਾ ਫਾਹਾ ਕਿਉਂ ਲੈਂਦੇ ਨੇ। ਪੈਸੇ ਨਾਲ ਬੰਦਾ ਰੱਜਦਾ ਹੈ ਕਦੀ! ਰੂਹ ਦੇ ਰੱਜ ਲਈ ਵੀ ਸਮਾਂ ਕੱਢਣਾ ਚਾਹੀਦੈ।...ਤੇ ਕੱਢਦੇ ਨੇ ਲੋਕੀਂ...ਚਾਰ-ਚਾਰ, ਪੰਜ-ਪੰਜ ਘੰਟੇ ਦੀਆਂ ਮਹਿਫ਼ਲਾਂ ਹੁੰਦੀਆਂ ਨੇ। ਛੋਟੇ ਜਿਹੇ ਕਵੀ-ਦਰਬਾਰ ਲਈ ਸ਼ਾਇਰ ਲੋਕ ਮੀਲਾਂ ਦੂਰ ਜਾਂਦੇ ਨੇ ...ਸਮਾਂ ਹੈ,

ਤਾਂ ਹੀ ਜਾਂਦੇ ਨੇ...”

ਜਦੋਂ ਮੈਂ ਉਸ ਨੂੰ ਕੁਝ ਸੁਨਾਉਣ ਲਈ ਬੇਨਤੀ ਕੀਤੀ ਤਾਂ ਉਹ ਕਲਕਾਰਾਂ ਵਾਲੇ ਨਾਜ਼-ਨਖਰੇ ਤੋਂ ਬਿਨਾਂ ਤੁਰੰਤ ਹਾਰਮੋਨੀਅਮ ਚੁੱਕ ਲਿਆਇਆ।

“ਤੈਨੂੰ ਦਿਲੋਂ ਭੁਲਾਣ ਦੀ ਕੋਸ਼ਿਸ਼ ਕਰਾਂਗਾ ਮੈਂ,
ਮੋਹਰਾ ਗ਼ਮਾਂ ਦਾ ਖਾਣ ਦੀ ਕੋਸ਼ਿਸ਼ ਕਰਾਂਗਾ ਮੈਂ।”

ਮੇਰੇ ਕਹਿਣ ’ਤੇ ਉਹ ਬਿਸ਼ਨ ਸਿੰਘ ਉਪਾਸ਼ਕ ਦੀ ਲਿਖੀ ਗ਼ਜ਼ਲ ਗਾ ਰਿਹਾ ਸੀ ਤੇ ਮੈਂ ਪੈਂਤੀ ਸਾਲ ਪਹਿਲਾਂ ਦੇ ਉਸ ਮਾਹੌਲ ਨੂੰ ਯਾਦ ਕਰਕੇ ਰੁਮਾਂਚਿਤ ਹੋ ਰਿਹਾ ਸਾਂ ਜਦੋਂ ਉਸ ਕੋਲੋਂ ਪਹਿਲੀ ਵਾਰ ਇਹੋ ਗ਼ਜ਼ਲ ਸੁਣੀ ਸੀ। ਉਸਦੀ ਆਵਾਜ਼ ਵਿਚਲਾ ਸੋਜ਼ ਮਨ ਨੂੰ ਪਿਘਲਾ ਗਿਆ।

ਆਪਣੀ ਪਸੰਦ ਦੀ ਗ਼ਜ਼ਲ ਸੁਣ ਲੈਣ ਤੋਂ ਪਿੱਛੋਂ ਮੈਂ ਉਸਨੂੰ ਉਹਦੀ ਆਪਣੀ ਪਸੰਦ ਦੀ ਕੋਈ ਚੀਜ਼ ਸੁਣਾਉਣ ਲਈ ਕਿਹਾ।

“ਮੈਂ ਮਰ ਚੁੱਕੇ ਅਪ੍ਰਚੱਲਿਤ ਰਾਗਾਂ ਨੂੰ ਗਾਉਂਦਾ ਹਾਂ...ਮੈਨੂੰ ਕਲਾਸਿਕਲ ਸੰਗੀਤ ਵਿਚ ਡੂੰਘੀ ਦਿਲਚਸਪੀ ਹੈ।”

ਤੇ ਉਸਨੇ ਨਵਾਂ ਕਲਾਮ ਛੁਹ ਲਿਆ। ਵਾਤਾਵਰਣ ਮਹਿਕ ਉੱਠਿਆ।

ਬਾਜੇ ਰੇ ਮੇਰੀ ਪਾਇਲੀਆ
ਝਨਕ ਝਨਕ ਛਨ...ਛਨ ਨ ਨ ਨ
ਸਾਸ ਨਿਗੋੜੀ ਜਾਗੇ ਨਨਦੀਆ
ਔਰ ਬੈਰਨ ਹੈ ਮੇਰੀ ਪਾਇਲੀਆ...

ਤੇ ਫਿਰ ਇਕ ਹੋਰ ਕਲਾਮ

...ਤੈਂਡੜੇ ਨਾਲ ਮੈਂ ਲੱਗੀਆਂ ਨਿਭਾਵਾਂ
ਸਦ ਬਲਿਹਾਰੇ ਮੈਂ ਬਲ ਬਲ ਜਾਵਾਂ
ਬਿਨ ਡਿਠਿਆ ਮੇਰੇ ਨੈਣ ਨਿਰੰਜਨ
ਬਿਨ ਮਿਲਿਆਂ ਹਿੱਕੀ ਉਠਣ ਹਾਵਾਂ
ਤੈਂਡੜੇ ਨਾਲ...
ਸੱਜਨ ਬਿਨ ਨੈਂਨੀ ਨੀਂਦ ਨ ਆਵੇ
ਕਿਤੁ ਬਿਧੁ ਲੰਮੜੀ ਰੈਨ ਵਿਹਾਵੇ...

ਉਹਨੇ ਸੁਰਾਂ ਤੋਂ ਪੋਟੇ ਚੁੱਕੇ ਤਾਂ ਅਸੀਂ ਜਿਵੇਂ ਜਾਦੂ ਦੀ ਜਕੜ ਵਿੱਚ ਬਾਹਰ ਨਿਕਲੇ। ਗਾਏ ਗਏ ਕਲਾਮ ਵਿਚਲਾ ਸੂਫ਼ੀਆਨਾ ਰੰਗ ਵੇਖ ਕੇ ਮੈਂ ਜਾਨਣਾ ਚਾਹਿਆ ਕਿ ਇਹ ਬੋਲ ਕਿਸ ਸ਼ਾਇਰ ਦੇ ਲਿਖੇ ਹੋਏ ਸਨ। ਉਹ ਬਾਲਾਂ ਵਰਗਾ ਨਿਰਛਲ ਹਾਸਾ ਹੱਸਿਆ।

“ਚਿਮਟੀ-ਕਵੀਰਾਜ ਜੀ ਦੁਆਰਾ ਲਿਖਿਆ ਹੋਇਆ ਕਲਾਮ ਹੈ ਇਹ...”

ਮੈਨੂੰ ਸਮਝ ਨਾ ਪਈ ਤਾਂ ਉਸਨੇ ਵਿਆਖਿਆ ਕੀਤੀ, "ਪੰਜਾਬੀ ਦੀ ਬਹੁਤੀ ਕਵਿਤਾ 'ਚਿਮਟੀ ਕਵਿਤਾ' ਹੈ। ਦੂਜੇ ਚੰਗੇ ਸ਼ਾਇਰਾਂ ਦੇ ਚੰਗੇ ਸ਼ਬਦ ਚਿਮਟੀ ਨਾਲ ਚੁੱਕੇ ਤੇ ਉਨ੍ਹਾਂ ਨੂੰ ਆਪਣੀਆਂ ਸਤਰਾਂ ਵਿਚ ਬੀੜ ਲਵੋ। ਬਹੁਤੀ ਪੰਜਾਬੀ ਕਵਿਤਾ 'ਸ਼ਬਦਾਂ ਦਾ ਬੀੜਨਾ' ਹੀ ਰਹਿ ਗਈ ਹੈ। ਉਸ ਵਿਚ ਸ਼ਾਇਰੀ ਨਹੀਂ ਹੁੰਦੀ...ਮੈਂ ਵੀ ਏਦਾਂ ਦੀ 'ਚਿਮਟੀ-ਸ਼ਾਇਰੀ' ਕਰ ਲੈਂਦਾ ਹਾਂ। ਚੰਗੇ ਲਫ਼ਜ਼ ਚੁੱਕ ਕੇ ਆਪਣੀ ਤਰਤੀਬ ਵਿਚ ਬੀੜ ਲੈਂਦਾ ਹਾਂ।"

ਮੇਰੇ ਇਹ ਪੁੱਛਣ 'ਤੇ ਕਿ ਕਿਤੇ ਇਹੋ ਜਿਹੀਆਂ ਕਵਿਤਾਵਾਂ ਛਪਵਾਈਆਂ ਵੀ ਹਨ ? ਉਸਨੇ ਜੁਆਬ ਦਿੱਤਾ:

"ਬਿਲਕੁਲ ਨਹੀਂ...ਨਾ ਇਹ 'ਕਵਿਤਾ' ਹੁੰਦੀ ਹੈ ਤੇ ਨਾ ਹੀ 'ਮੇਰੀ' ਹੁੰਦੀ ਹੈ...ਇਸ ਲਈ ਛਪਵਾਉਣ ਦਾ ਸੁਆਲ ਹੀ ਕਿਥੇ ਉਠਦਾ ਹੈ...ਇਹ ਤਾਂ ਬੱਸ ਆਪਣੇ ਆਪ ਨੂੰ ਸੁਣਾ ਕੇ ਰਾਂਝਾ ਰਾਜ਼ੀ ਕਰ ਲਈਦਾ ਹੈ।...ਛਪਣ-ਛਪਾਉਣ ਵਾਲੇ ਸ਼ਾਇਰ ਤਾਂ ਗੁਰਨਾਮ ਹੁਰੀਂ ਹਨ..."

ਉਸਤੋਂ ਬਾਅਦ ਉਹ ਜਦੋਂ ਪੰਜਾਬ ਆਉਂਦਾ ਤਾਂ ਮੈਨੂੰ ਮਿਲਣਾ ਨਾ ਭੁੱਲਦਾ। ਇਕ ਵਾਰ ਜਲੰਧਰ ਦੇ ਸਾਜ਼ ਬਣਾਉਣ ਦੇ ਮਾਹਿਰ ਗੁਰਦਿਆਲ ਸਿੰਘ ਕੋਲੋਂ ਉਹਦੀ ਮਨਸ਼ਾ ਦਾ ਹਾਰਮੋਨੀਅਮ ਬਣਾਉਣ ਦੀ ਇੱਛਾ ਵੀ ਪੂਰੀ ਕਰਨ ਦੀ ਖ਼ੁਸ਼ੀ ਲਈ।

ਉਮਰ ਭਰ ਦਸੀ ਘਾਲਣਾ ਘਾਲ ਕੇ ਉਸ ਨੇ ਇੱਕ ਮੁੱਲਵਾਨ ਕਿਤਾਬ ਲਿਖੀ ਹੈ, 'ਰਾਗਾਂਜਲੀ' ਲਿਖ ਕੇ ਕਿਹਾ ਹੈ ਕਿ ਇਹ ਮੇਰੀ ਸੰਗੀਤ ਜਗਤ ਨੂੰ ਭੇਟਾ ਹੈ। ਉਸਨੇ ਗੁਰੂ ਗ੍ਰੰਥ ਸਾਹਿਬ ਵਿਚਲੇ 150 ਸ਼ਬਦਾਂ ਦੀ 112 ਰਾਗਾਂ ਵਿਚ ਬੰਧਿਸ਼ਾਂ ਬਣਾਈਆਂ ਹਨ। ਇਹ ਬੰਧਿਸ਼ਾਂ ਉਹਦੀ ਨਿਰੋਲ ਮੌਲਿਕ ਸਿਰਜਣਾ ਹਨ, ਇਸ ਤੋਂ ਪਹਿਲਾਂ ਹੋਰ ਸੰਗੀਤਕਾਰਾਂ ਵੱਲੋਂ ਬਣਾਈਆਂ ਬੰਧਿਸ਼ਾਂ ਦਾ ਕੋਈ ਦਖ਼ਲ ਨਹੀਂ।

ਪਿੱਛੋਂ ਫ਼ੀਰੋਜ਼ਪੁਰ ਦੇ ਰਹਿਣ ਵਾਲੇ ਤੇ ਹਾਲ ਵਿਚ ਸਾਢੇ ਕੁ ਪੰਜ ਦਹਾਕਿਆਂ ਤੋਂ ਬਰਤਾਨੀਆ ਵਿਚ ਰਹਿੰਦੇ ਗੁਰਬਖ਼ਸ਼ ਸਿੰਘ ਹੁਰੀਂ ਛੇ ਭੈਣ-ਭਰਾ ਹਨ। ਸੰਗੀਤ ਦੀ ਗੁੜ੍ਹਤੀ ਉਸਨੂੰ ਪਰਿਵਾਰ ਵਿਚੋਂ ਹੀ ਮਿਲੀ। ਉਸਦੇ ਮਾਤਾ-ਪਿਤਾ ਨੂੰ ਵੀ ਸੰਗੀਤ ਦਾ ਸ਼ੌਂਕ ਸੀ। ਭੈਣ ਭਰਾ ਵੀ ਗਾਉਣ ਦਾ ਸ਼ੌਂਕ ਰੱਖਦੇ ਸਨ। ਕਈ ਵਾਰ ਸਾਰਾ ਪਰਿਵਾਰ ਮਿਲ ਕੇ ਵੀ ਗਾਉਂਦਾ। ਕਦੀ ਕਦੀ ਘਰ ਵਿਚ ਕਵਾਲੀ ਦਾ ਗਾਇਨ ਕਰਦੇ ਤਾਂ ਉਹਦੇ ਬਾਬਾ ਜੀ ਵੀ ਨਾਲ ਤਾੜੀ ਮਾਰ ਕੇ ਕਵਾਲੀ-ਗਾਇਨ ਦਾ ਲੁਤਫ਼ ਲੈਂਦੇ।

ਗੁਰਬਖ਼ਸ਼ ਸਿੰਘ ਦੀ ਸੰਗੀਤ ਵਿਚ ਵਿਸ਼ੇਸ਼ ਰੁਚੀ ਵੇਖ ਕੇ ਉਹਦੇ ਪਿਤਾ ਉਹਨੂੰ ਫ਼ਿਰੋਜ਼ਪੁਰ ਵਿਚ ਹੁੰਦੇ ਸੰਗੀਤ-ਦਰਬਾਰਾਂ ਜਾਂ ਕੀਰਤਨ-ਦਰਬਾਰਾਂ ਵਿਚ ਲੈ ਕੇ ਜਾਂਦੇ। ਜਿਹੜਾ ਨਾਮਵਰ ਸੰਗੀਤਕਾਰ ਜਾਂ ਕੀਰਤਨੀਆ ਫ਼ਿਰੋਜ਼ਪੁਰ ਆਉਂਦਾ ਤਾਂ ਉਹਦੇ ਪਿਤਾ ਜੀ ਉਨ੍ਹਾਂ ਨੂੰ ਬੜੇ ਆਦਰ ਨਾਲ ਘਰ ਬੁਲਾਉਂਦੇ। ਉਹ ਗੁਰਬਖ਼ਸ਼ ਦਾ ਸ਼ੌਂਕ ਵੇਖ ਕੇ ਕੁਝ ਨਾ ਕੁਝ ਸਿਖਾ ਵੀ ਜਾਂਦੇ। ਉਦੋਂ ਕਲਾਸੀਕਲ ਰਾਗਾਂ ਦਾ ਉਹਨੂੰ ਬਹੁਤਾ ਪਤਾ ਤਾਂ ਨਹੀਂ ਸੀ, ਪਰ ਉਹ ਗੁਣਗੁਣਾਉਂਦਾ ਠੀਕ ਸੀ। ਪੰਜ ਸਾਲ ਦੀ ਛੋਟੀ ਜਿਹੀ ਉਮਰ ਵਿਚ ਹੀ ਉਸਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਸਾਰਾ ਪਰਿਵਾਰ ਹੀ ਸਾਹਿਤ ਅਤੇ ਸੰਗੀਤ ਦਾ ਰਸੀਆ ਸੀ। ਇਸ ਲਈ ਸਾਹਿਤ ਅਤੇ ਸੰਗੀਤ ਤਾਂ ਬਚਪਨ ਤੋਂ ਹੀ ਉਹਦੀ ਰੂਹ ਵਿਚ ਵੱਸਿਆ ਹੋਇਆ ਸੀ। ਆਪਣੀ ਧੁਨ ਜਾਂ

ਬੰਧਿਸ਼ ਬਨਾਉਣ ਦਾ ਖ਼ਿਆਲ ਪਹਿਲੀ ਵਾਰ ਉਹਨੂੰ ਉਦੋਂ ਆਇਆ ਜਦੋਂ ਉਹਦੀ ਭੈਣ ਸੁਰਿੰਦਰ ਕੌਰ, ਜੋ ਖ਼ੁਦ ਇਕ ਲੇਖਿਕਾ ਵੀ ਹੈ ਤੇ ਜਿਸਨੂੰ ਸੰਗੀਤ ਦਾ ਸ਼ੌਂਕ ਵੀ ਸੀ, ਉਹ ਇਕ ਵਾਰ 'ਪੰਜਾਬ ਦੀ ਕੋਇਲ' ਕਰ ਕੇ ਜਾਣੀ ਜਾਂਦੀ ਗਾਇਕਾ ਸੁਰਿੰਦਰ ਕੌਰ ਨੂੰ ਮਿਲੀ ਕੇ ਆਈ ਤਾਂ ਉਸਨੇ ਗੁਰਬਖ਼ਸ਼ ਨੂੰ ਦੱਸਿਆ ਕਿ ਸੁਰਿੰਦਰ ਕੌਰ ਆਪਣੇ ਗੀਤਾਂ ਦੀਆਂ ਧੁਨਾਂ ਆਪ ਬਣਾਉਂਦੀ ਹੈ। ਇਸ ਤੋਂ ਪ੍ਰੇਰਿਤ ਹੋ ਕੇ ਗੁਰਬਖ਼ਸ਼ ਸਿੰਘ ਨੇ ਆਪਣੀਆਂ ਮੌਲਿਕ ਬੰਧਿਸ਼ਾਂ ਬਨਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਕੰਮ ਉਹ ਪਿਛਲੇ ਪੰਜਾਹ ਸਾਲਾਂ ਤੋਂ ਕਰਦਾ ਆ ਰਿਹਾ ਸੀ, ਪਰ ਇਨ੍ਹਾਂ ਬੰਧਿਸ਼ਾਂ ਨੂੰ ਲਿਖਦਾ ਨਹੀਂ ਸੀ। ਬੰਧਿਸ਼ ਦਿਮਾਗ਼ ਵਿਚ ਹੁੰਦੀ ਸੀ। ਆਪਣੇ ਵਿਦਿਆਰਥੀਆਂ ਨੂੰ ਸਿਖਾਉਂਦਾ ਵੀ ਸੀ। ਜਦੋਂ ਰਿਟਾਇਰ ਹੋਇਆ ਤਾਂ ਉਹਦੇ ਮਨ ਵਿਚ ਆਇਆ ਕਿ ਦਿਮਾਗ਼ ਵਿਚ ਪਈਆਂ ਬੰਧਿਸ਼ਾਂ ਨੂੰ ਲਿਖ ਕੇ ਵੀ ਸਾਂਭਣਾ ਚਾਹੀਦਾ ਹੈ।

ਉਹਦਾ ਕਹਿਣਾ ਹੈ ਕਿ ਪੁਰਾਣੇ ਕਲਾਸੀਕਲ ਗਾਉਣ ਵਾਲੇ ਅਕਸਰ ਧਰੁਪਦ ਅਤੇ ਕੁਝ ਹੋਰ ਰਾਗ ਗਾਉਂਦੇ ਸਨ। ਇਹ ਪੰਜਾਹ ਸੱਠ ਸਾਲ ਪਹਿਲਾਂ। ਪਰ ਤੀਹ ਕੁ ਸਾਲਾਂ ਤੋਂ ਬਹੁਤਿਆਂ ਨੇ ਪੁਰਾਣੀਆਂ ਸੰਗੀਤਕ ਬੰਧਿਸ਼ਾਂ ਨੂੰ ਤਿਆਗ ਕੇ 'ਕਹਿਰਵਾ' ਵਿਚ ਚਲੰਤ ਤੇ ਸਾਦਾ ਜਿਹਾ ਗਾਉਣਾ ਸ਼ੁਰੂ ਕਰ ਦਿੱਤਾ ਹੈ। ਪਰ ਉਹ ਚਾਹੁੰਦਾ ਹੈ ਕਿ ਸਾਨੂੰ ਸੰਗੀਤ ਦੀ ਅਮੀਰ ਵਿਰਾਸਤ ਨੂੰ ਭੁਲਾਉਣਾ ਨਹੀਂ ਚਾਹੀਦਾ। ਇਸੇ ਮਕਸਦ ਨਾਲ ਹੀ ਉਹਨੇ ਇਹ ਕਿਤਾਬ ਲਿਖੀ ਹੈ। ਉਹਦਾ ਮੰਨਣਾ ਹੈ ਕਿ ਉਹਨੇ ਜਿਹੜੀਆਂ ਬੰਧਿਸ਼ਾਂ ਬਣਾਈਆਂ ਨੇ, ਉਹ ਕੁਝ ਮੁਸ਼ਕਿਲ ਜ਼ਰੂਰ ਹਨ, ਪਰ ਹਨ ਮੁੱਲਵਾਨ।

ਲੰਡਨ ਦੇ 'ਸਲੋਹ' ਗੁਰਦੁਵਾਰੇ ਵਿਚ ਉਹਨੇ ਦੋ ਦਹਾਕੇ ਤੋਂ ਵੱਧ ਸੰਗੀਤ ਦੇ ਵਿਦਿਆਰਥੀਆਂ ਨੂੰ ਮੁਫ਼ਤ ਸੰਗੀਤ ਸਿਖਾਇਆ। ਏਸੇ ਤਰ੍ਹਾਂ ਜਦੋਂ ਕਿਸੇ ਗੁਰਦੁਆਰੇ ਵਿਚ ਵਿਸ਼ੇਸ਼ ਸੱਦੇ ਉੱਤੇ ਆਪ ਕੀਰਤਨ ਕਰਦਾ ਹੈ ਤਾਂ ਕੀਰਤਨ ਭੇਟਾ ਵਾਲੀ ਸਾਰੀ ਮਾਇਆ ਗੁਰੂ ਦੀ ਗੋਲਕ ਵਿਚ ਪਾ ਦਿੰਦਾ ਹੈ।

ਜਦੋਂ ਉਹ ਇੰਗਲੈਂਡ ਵਿਚ ਆਇਆ ਤਾਂ ਮੋਹਨ ਸਿੰਘ ਮੁਸਾਪੁਰੀ ਨੂੰ ਉਸਤਾਦ ਧਾਰਿਆ। ਉਹ ਗੁਰਦਵਾਰੇ ਵਿਚ ਕੀਰਤਨ ਕਰਦੇ ਤੇ ਸਿਖਾਉਂਦੇ ਸਨ। ਉਸਨੇ ਹੀ ਗੁਰਬਖ਼ਸ਼ ਸਿੰਘ ਨੂੰ ਕਿਹਾ ਕਿ ਉਹ ਇਸ ਕਾਰਜ ਵਿਚ ਉਸਦਾ ਸਾਥ ਦੇਵੇ। ਵੀਹ ਕੁ ਸਾਲ ਪਹਿਲਾਂ ਉਸਤਾਦ ਜੀ ਬੀਮਾਰ ਰਹਿਣ ਲੱਗੇ ਤਾਂ ਇਹ ਸੇਵਾ ਗੁਰਬਖ਼ਸ਼ ਸਿੰਘ ਨੇ ਸਾਂਭ ਲਈ ਤੇ ਮੁਫ਼ਤ ਸੰਗੀਤ ਸਿਖਾਉਣਾ ਜਾਰੀ ਰੱਖਿਆ।

ਜਿੱਥੋਂ ਤੱਕ ਬਣਾਈਆਂ ਬੰਧਿਸ਼ਾਂ ਦਾ ਸਵਾਲ ਹੈ, ਬਹੁਤੀਆਂ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਨਿਰਧਾਰਤ ਰਾਗਾਂ 'ਤੇ ਆਧਾਰਿਤ ਹੀ ਹਨ, ਪਰ ਕੁਝ ਨਿਰੋਲ ਉਹਨੇ ਆਪ ਬਣਾਈਆਂ ਹਨ। ਉਹ ਇਹ ਵੀ ਕਹਿੰਦਾ ਹੈ ਕਿ ਪਿਛਲੇ ਦਸ ਕੁ ਸਾਲ ਤੋਂ ਦਰਬਾਰ ਸਾਹਿਬ ਵਿਚ ਰਾਗੀਆਂ ਨੂੰ ਇਹ ਹਦਾਇਤ ਕੀਤੀ ਗਈ ਹੈ ਕਿ ਸਦਾ ਨਿਰਧਾਰਤ ਰਾਗਾਂ ਵਿਚ ਹੀ ਗਾਇਨ ਕੀਤਾ ਜਾਵੇ। ਪਰ ਜਿਹੜੀਆਂ ਬੀਬੀਆਂ ਜਾਂ ਬਾਬੇ ਢੋਲਕੀ-ਛੈਣੇ ਨਾਲ ਕੀਰਤਨ ਕਰਦੀਆਂ/ਕਰਦੇ ਹਨ ਤੇ ਉਸ ਵਿਚੋਂ ਆਨੰਦ ਲੈਂਦੇ ਨੇ ਤਾਂ ਕੀ ਉਹ ਹੁਣ ਗਾਇਆ ਹੀ ਨਾ ਕਰਨ ? ਪ੍ਰਭੂ ਦਾ ਗੁਣ-ਗਾਇਨ ਜੇ ਨਿਰਧਾਰਤ ਰਾਗਾਂ ਵਿਚ ਕੀਤਾ ਜਾ ਸਕਦਾ ਹੈ ਤਾਂ ਜ਼ਰੂਰ ਕੀਤਾ ਜਾਵੇ, ਪਰ ਜੇ ਕੋਈ ਇਸ ਵਿਚ ਨਿਪੁੰਨ ਨਹੀਂ ਤਾਂ ਉਹਦੀ ਗੁਰਬਾਣੀ ਗਾਉਣ ਦੀ ਖ਼ੁਸ਼ੀ ਖੋਹਣੀ ਨਹੀਂ ਚਾਹੀਦੀ।

ਉਹਨੇ ਲਗਭਗ ਸੱਠ ਫ਼ੀ-ਸਦੀ ਬੰਧਿਸ਼ਾਂ ਤਾਂ ਨਿਰਧਾਰਤ ਰਾਗਾਂ ਵਿਚ ਹੀ ਬਣਾਈਆਂ ਨੇ, ਪਰ ਬਹੁਤ

ਸਾਰੀਆਂ ਬੰਧਿਸ਼ਾਂ ਅਜਿਹੀਆਂ ਵੀ ਹਨ, ਜੋ ਮੌਲਿਕ ਹਨ ਪਰ ਜਿਸ ਵਿਚ ਗੁਰਬਾਣੀ ਬੜੇ ਸਹਿਜ ਨਾਲ ਗਾਈ ਜਾ ਸਕਦੀ ਹੈ।ਹੁਣ ਤੱਕ ਜੋ ਬੰਧਿਸ਼ਾਂ ਲਿਖੀਆਂ ਗਈਆਂ ਨੇ ਉਹ ਪੁਰਾਣੇ ਰਾਗੀਆਂ-ਰਬਾਬੀਆਂ ਦੇ ਗਾਇਨ ਨੂੰ ਅਧਾਰ ਬਣਾ ਕੇ ਲਿਖੀਆਂ ਗਈਆਂ ਹਨ। ਇਸ ਕਿਤਾਬ ਵਿਚ ਬਹੁਤ ਸਾਰੇ ਅਜਿਹੇ ਰਾਗ ਵੀ ਹਨ, ਜਿਹੜੇ ਪਹਿਲਾਂ ਲਿਖੇ ਨਹੀਂ ਗਏ।ਦੋ ਨਵੇਂ ਰਾਗ ਉਹਨੇ ਖ਼ੁਦ ਵੀ ਬਣਾਏ ਹਨ।

'ਰਾਗਾਂਜਲੀ' ਦੇ ਸਰਵਰਕ ਉਤੇ ਲਿਖੀ ਜਾਣਕਾਰੀ ਮੁਤਾਬਕ:

ਕਿਤਾਬ ਬਾਰੇ

ਰਾਗਾਂਜਲੀ ਪੁਸਤਕ ਗੁਰਬਖ਼ਸ਼ ਸਿੰਘ ਜੀ ਦੀ ਲਗਨ ਅਤੇ ਵਿਹਾਰਕ ਰਚਨਾ ਦਾ ਨਤੀਜਾ ਹੈ, ਜੋ ਉਤਰੀ ਭਾਰਤ ਦੇ ਜਾਣੇ-ਅਣਜਾਣੇ ਰਾਗਾਂ ਦਾ ਸੁਮੇਲ ਹੈ।ਇਸ ਪੁਸਤਕ ਵਿਚਲੇ ਦਿਸ਼ਾ-ਨਿਰਦੇਸ਼ਾਂ ਦਾ ਸੰਗ੍ਰਹਿ ਐਨਾ ਸਪਸ਼ਟ ਹੈ ਕਿ ਇਹ ਰਾਗ ਦੀ ਜਾਣ-ਪਛਾਣ ਨੂੰ ਪਾਠਕ/ਗਾਇਕ ਲਈ ਆਸਾਨੀ ਨਾਲ ਸਮਝਣ ਯੋਗ ਬਣਾਉਂਦਾ ਹੈ। ਇਸ ਪੁਸਤਕ ਵਿਚ ਧਾਰਮਿਕ ਸੰਤਾਂ ਜਿਵੇਂ ਕਿ ਭਗਤ ਕਬੀਰ, ਨਾਮਦੇਵ, ਰਵਿਦਾਸ, ਬਾਬਾ ਫ਼ਰੀਦ ਅਤੇ ਸਿੱਖ ਧਰਮ ਗ੍ਰੰਥਾਂ ਤੋਂ ਬਾਣੀ ਦੁਆਰਾ ਮਿੱਠੀਆਂ ਬੰਦਸ਼ਾਂ ਦਾ ਇੱਕ ਵਿਲੱਖਣ ਸੰਗ੍ਰਹਿ ਹੈ।

ਲੇਖਕ ਨੇ ਇਸ ਪੁਸਤਕ ਵਿਚ 160 ਤੋਂ ਵੱਧ ਰਾਗਾਂ ਵਿਚ 350 ਤੋਂ ਵੱਧ ਬੰਦਸ਼ਾਂ ਦਾ ਵਰਣਨ ਕੀਤਾ ਹੈ, ਜੋ ਕਿ ਸ਼ੁੱਧ ਅਤੇ ਗੁੰਝਲਦਾਰ ਸ਼ੈਲੀ ਵਿਚ ਹੋਣ ਦੇ ਬਾਵਜੂਦ ਸਰਲ ਅਤੇ ਆਸਾਨੀ ਨਾਲ ਸਮਝਣਯੋਗ ਹਨ। ਲੇਖਕ ਨੇ ਇਸ ਗੱਲ ਵੱਲ ਵੀ ਉਚਿਤ ਧਿਆਨ ਦਿੱਤਾ ਹੈ ਕਿ ਸ਼ਬਦਾਂ ਦੀ ਚੋਣ ਸਹੀ ਹੋਣੀ ਚਾਹੀਦੀ ਹੈ ਅਤੇ ਬੰਦਸ਼ਾਂ ਦੀ ਲੈ ਅਤੇ ਤਾਲਾਂ ਅਨੁਸਾਰ ਅਨੁਕੂਲ ਹਨ।

ਰਾਗਾਂਜਲੀ ਦੇ ਕੁਝ ਦੁਰਲਭ ਰਾਗ ਹਨ ਜਿਵੇਂ ਕਿ ਅੱਸ਼ਾਕ, ਉਤਰੀ ਗੁਣਕਲੀ, ਅਹੀਰ ਵਿਭਾਸ, ਚੰਦਰ ਪ੍ਰਭਾ, ਬਾਖਜ਼ਰ, ਲੀਲਾਵਤੀ, ਸ਼ੋਭਾਵਰੀ, ਆਨੰਦ ਭੈਰਵੀ, ਪਰਮੇਸ਼ਰੀ, ਓਢਵ ਬਾਗੇਸ਼ਰੀ, ਆਦਿ।

ਸੰਗੀਤਕਾਰਾਂ ਤੇ ਸੰਗੀਤ-ਪ੍ਰੇਮੀਆਂ ਨੂੰ ਇਸ ਵਿਲੱਖਣ ਕਿਤਾਬ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ।

# ਕਾਵਿ ਅਤੇ ਸੰਗੀਤ: ਅੰਤਰ-ਸੰਬੰਧ

**ਪਵਨਦੀਪ ਕੁਮਾਰ**

ਮਨੁੱਖ ਦੀਆਂ ਤੀਬਰ ਅਤੇ ਪ੍ਰਚੰਡ ਭਾਵਨਾਵਾਂ ਨੇ ਕਾਵਿ ਦੇ ਮਾਧਿਅਮ ਰਾਹੀਂ ਹੀ ਸਭ ਤੋਂ ਪਹਿਲਾਂ ਅਜੋਕਾ ਰੂਪ ਧਾਰਨ ਕੀਤਾ। ਮਨੁੱਖ ਅੰਦਰ ਜਿਉਂ-ਜਿਉਂ ਸੁਹਜ-ਚੇਤਨਾ ਨੇ ਵਿਕਾਸ ਕੀਤਾ ਹੈ, ਉਵੇਂ-ਉਵੇਂ ਹੀ ਨਾਲ-ਨਾਲ ਕਾਵਿ ਦਾ ਵਿਕਾਸ ਹੋਇਆ ਹੈ। ਸਾਰੀਆਂ ਲਲਿਤ ਕਲਾਵਾਂ ਵਿਚੋਂ ਕਾਵਿ ਹੀ ਇੱਕ ਵਿਸ਼ੇਸ਼ ਰੂਪ ਹੈ। ਮਾਨਵ ਸਮਾਜ ਅਤੇ ਸਭਿਅਤਾ ਦੇ ਵਿਕਾਸ ਨਾਲ ਤੀਬਰ ਅਤੇ ਪ੍ਰਚੰਡ ਭਾਵਨਾਵਾਂ ਦੀ ਲੌਅ ਦਾ ਮਾਧਿਅਮ ਵਿਕਸਤ ਹੁੰਦਾ ਰਿਹਾ ਹੈ। ਇਸ ਪ੍ਰਕਾਰ ਹੀ ਕਾਵਿ ਦੇ ਵੱਖ-ਵੱਖ ਰੂਪ ਗਜ਼ਲ, ਨਜ਼ਮ, ਕਾਫੀ, ਗੀਤ, ਪ੍ਰਗੀਤ ਆਦਿ ਹੋਂਦ ਵਿੱਚ ਆਏ। ਕਿਸੇ ਵੀ ਰਚਨਾ ਦੀ ਘਾੜਤ ਵਿਚ ਵੱਖ-ਵੱਖ ਅੰਸ਼ਾਂ ਦੀ ਸ਼ਮੂਲੀਅਤ ਹੁੰਦੀ ਹੈ। ਇਸ ਲਈ ਕਿਸੇ ਰਚਨਾ ਦੀ ਪੂਰਨ ਜਾਣਕਾਰੀ ਲਈ ਉਸ ਦੇ ਰਚਨਾਤਮਕ ਤੱਤਾਂ ਬਾਰੇ ਗਿਆਨ ਹੋਣਾ ਲਾਜ਼ਮੀ ਹੁੰਦਾ ਹੈ। ਕਾਵਿ ਇਕ ਕਲਾ-ਵਸਤੁ ਹੈ। ਆਮ ਤੌਰ 'ਤੇ ਆਖਿਆ ਜਾਂਦਾ ਹੈ ਕਵਿਤਾ ਰਚਣ ਲਈ ਕਵੀ ਸਿਰਫ ਸ਼ਬਦਾਂ 'ਤੇ ਨਿਰਭਰ ਕਰਦਾ ਹੈ। ਇਸਦਾ ਭਾਵ ਇਹ ਨਹੀਂ ਕਿ ਕਵੀ ਆਪਣੇ ਫਜ਼ੂਲ-ਸਮੱਗਰੀ ਨਾਲ ਆਪਣੀ ਕਲਾ-ਵਸਤੂ ਨੂੰ ਸਿਰਜਦਾ ਹੈ। ਮਹੇਂਦਰ ਮਧੁਕਰ ਅਨੁਸਾਰ ਸਮਰੱਥ ਕਵੀ ਨੂੰ ਸ਼ਬਦਾਂ ਦੀ ਆਤਮਾ ਦੀ ਪਹਿਚਾਣ ਹੁੰਦੀ ਹੈ ਅਤੇ ਉਹ ਅਪਸ਼ਬਦਾਂ ਦੇ ਸੰਗ੍ਰਹਿ ਤੋਂ ਬਚਣ ਦਾ ਹਰ ਸੰਭਵ ਯਤਨ ਕਰਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਕਵਿ ਦੀ ਸ਼ਬਦ-ਚੋਣ ਜਿੰਨੀ ਵਿਆਪਕ ਹੁੰਦੀ ਹੈ, ਸ਼ਬਦ ਪ੍ਰਯੋਗ ਉੱਨਾ ਹੀ ਸੀਮਤ ਅਤੇ ਵਿਸ਼ਿਸ਼ਟ ਹੁੰਦਾ ਹੈ। ਉਹ ਆਪਣੀ ਕਾਵਿ-ਭਾਸ਼ਾ ਨੂੰ ਇਸ ਕਰਕੇ ਕਲਾਤਮਕ ਤੇ ਪ੍ਰਭਾਵਸ਼ਾਲੀ ਬਣਾਉਂਦਾ ਹੈ ਕਿਉਂਕਿ ਕਈ ਕਲਾ-ਤੱਤ ਉਸਦੇ ਵੱਸ ਵਿਚ ਹੁੰਦੇ ਹਨ। ਜਿੰਨ੍ਹਾਂ ਨੂੰ ਦੋ ਮੁੱਖ ਭਾਗਾਂ ਵਿਚ ਵੰਡ ਲਿਆ ਜਾਂਦਾ ਹੈ- ਸਮੱਗਰੀ(Content) ਤੇ ਰੂਪ(Form). ਸਮੱਗਰੀ ਵਿਚ ਵਿਚਾਰ, ਕਲਪਨਾ , ਜਜ਼ਬਾ ਤੇ ਰੂਪ ਵਿਚ ਸ਼ਬਦਾਂ ਦਾ ਸੰਗੀਤ, ਲੈਅ, ਛੰਦ-ਯੋਜਨਾ, ਸ਼ਬਦਾਵਲੀ ਆਦਿ ਸ਼ਾਮਿਲ ਹੁੰਦੇ ਹਨ। ਡਾ. ਪ੍ਰੇਮ ਪ੍ਰਕਾਸ਼ ਨੇ ਕਾਵਿ ਦੇ ਬੁਨਿਆਦੀ ਤੱਤ ਵਿਚਾਰ, ਕਲਪਨਾ, ਕਾਵਿ- ਰਸ, ਅਲੰਕਾਰ, ਪ੍ਰਤੀਕ, ਬਿੰਬ, ਸ਼ੈਲੀ, ਛੰਦ, ਕਾਵਿ-ਪ੍ਰਕਾਰ, ਸੰਗੀਤ ਮੰਨੇ ਹਨ। ਇਹੀ ਤੱਤ ਪਾਠਕ ਜਾਂ ਸਰੋਤੇ ਨੂੰ ਆਨੰਦ ਪ੍ਰਦਾਨ ਕਰਦੇ ਹਨ।

**ਸੰਗੀਤ**

ਸੰਗੀਤ ਸੰਸਕ੍ਰਿਤ ਦੇ ਦੋ ਸ਼ਬਦਾਂ 'ਸਮ' ਅਤੇ 'ਗੀਤ' ਦੇ ਮੇਲ ਨਾਲ ਬਣਿਆ ਹੈ। ਸਮ ਸ਼ਬਦ ਨੂੰ ਕਈ ਅਰਥਾਂ ਵਿਚ ਪ੍ਰਯੋਗ ਕੀਤਾ ਜਾਂਦਾ ਹੈ- ਸਹੀ, ਉਚਿਤ, ਪ੍ਰਿਯ, ਮਨ-ਭਾਉਂਦਾ ਆਦਿ। ਗੀਤ ਸ਼ਬਦ ਦਾ ਅਰਥ ਹੈ- ਉਹ ਕਾਵਿ(ਰਚਨਾ), ਜੋ ਗਾਈ ਜਾ ਸਕੇ। ਸੰਗੀਤ ਤੋਂ ਭਾਵ ਸੰਪੂਰਨ ਮਨਭਾਉਂਦਾ ਗਾਇਨ। ਉਰਦੂ ਭਾਸ਼ਾ ਵਿਚ 'ਮੌਸਿਕੀ' ਸ਼ਬਦ ਅਰਬੀ ਭਾਸ਼ਾ ਦੇ 'ਮੁਸਿਕੀ' ਸ਼ਬਦ ਤੋਂ ਆਇਆ ਹੈ ਜੋ 'ਸੰਗੀਤ' ਸ਼ਬਦ ਦਾ ਸਮਾਨਾਰਥੀ ਹੈ। ਇਸਨੇ ਇਰਾਨੀ ਸਭਿਅਤਾ ਨਾਲ ਹੀ ਭਾਰਤ ਵਿਚ ਪ੍ਰਵੇਸ਼ ਕੀਤਾ। ਪੰਡਿਤ ਸਾਰੰਗਦੇਵ ਨੇ 'ਸੰਗੀਤ ਰਤਨਾਕਰ 'ਵਿਚ ਸੰਗੀਤ ਨੂੰ ਇਸ ਪ੍ਰਕਾਰ ਪਰਿਭਾਸ਼ਿਤ ਕੀਤਾ ਹੈ; 'ਗੀਤ ਵਾਦਯ ਤਥਾ ਨ੍ਰਿਤਯ ਤ੍ਰਿਯ ਸੰਗੀਤਮੁਚਯਤੇ ਭਾਵ ਸੰਗੀਤ ਇਕ ਅਜਿਹੀ ਕ੍ਰਿਤ ਹੈ, ਜੋ ਗੀਤ, ਵਾਦਨ ਤੇ ਨ੍ਰਿਤ ਦਾ ਸੁਮੇਲ ਹੈ। ਸੰਗੀਤ ਵਿਚ ਗਾਇਨ ਕਲਾ ਦਾ ਸੰਬੰਧ ਧੁਨੀ ਅਤੇ ਕੰਠ ਨਾਲ ਹੈ, ਵਾਦਨ ਦਾ ਤੰਤਰਕਾਰੀ ਜਾਂ ਸਾਜ਼ਵਾਦਨ ਅਤੇ ਨ੍ਰਿਤ ਦਾ ਸਰੀਰ ਦੀ ਮੁਦਰਣ ਕਲਾ ਨਾਲ ਸੰਬੰਧ ਹੈ। ਕੰਠ ਸੰਗੀਤ ਹੋਰਨਾਂ ਕਲਾਵਾਂ ਭਾਵ ਵਾਦਨ ਤੇ ਨ੍ਰਿਤ ਲਈ ਮਾਧਿਅਮ ਮੰਨਿਆ ਗਿਆ ਹੈ। ਇਸ ਲਈ 'ਗਾਇਨ' ਨੂੰ ਸ੍ਰੇਸ਼ਠ ਵੀ ਮੰਨਿਆ ਗਿਆ ਹੈ। ਇਸ ਪ੍ਰਕਾਰ 'ਸੰਗੀਤ' ਦੇ ਸਰੂਪ ਨੂੰ ਨਿਸ਼ਚਿਤ ਕਰਨਾ ਜਿੰਨਾ ਆਸਾਨ ਹੈ, ਉੱਨਾ ਹੀ ਮੁਸ਼ਕਿਲ ਵੀ। ਕਲਾ ਪ੍ਰਧਾਨ ਹੋਣ ਕਰਕੇ ਸੰਗੀਤ ਵਿਚ ਮਨ ਨੂੰ ਛੂਹਣ ਵਾਲੀ

ਸ਼ਕਤੀ ਹੈ। ਇਸਦਾ ਸਿੱਧਾ ਸੰਬੰਧ ਅੰਤਰ ਆਤਮਾ ਨਾਲ ਵੱਧ ਅਤੇ ਬਾਹਰੀ ਵਾਤਾਵਰਣ ਨਾਲ ਘੱਟ ਹੈ। ਬੋਲਚਾਲ ਦੀ ਭਾਸ਼ਾ ਤੋਂ ਵੱਧ ਇਸਨੂੰ ਵਧੇਰੇ ਮਨ ਦੀ ਭਾਸ਼ਾ ਦੀ ਲੋੜ ਹੁੰਦੀ ਹੈ। ਸੰਗੀਤ ਸ਼ਬਦ ਕਿਸੇ ਵੀ ਭਾਸ਼ਾ ਤੋਂ ਉਤਪੰਨ ਹੋਇਆ ਹੋਵੇ ਪਰ ਇਹ ਸੱਚ ਹੈ ਕਿ ਇਹ ਇਕ ਵਿਸ਼ਵ ਵਿਆਪੀ ਭਾਸ਼ਾ ਹੈ ਜੋ ਸਾਰੇ ਸੰਸਾਰ 'ਚ ਸਮਝੀ ਤੇ ਬੋਲੀ ਜਾਂਦੀ ਹੈ।

ਸੰਗੀਤ ਦਾ ਆਧਾਰ ਨਾਦ ਹੈ। ਗੀਤ, ਵਾਦ ਤੇ ਨ੍ਰਿਤ ਤਿੰਨੋਂ ਕਲਾਵਾਂ ਨਾਦ ਅਧੀਨ ਮੰਨੀਆਂ ਜਾਂਦੀਆਂ ਹਨ। ਕਿਸੇ ਵਸਤੂੰ ਤੇ ਚੋਟ ਕਰਨ ਨਾਲ ਵਸਤੂ ਵਿਚ ਕੰਪਨਤਾ ਪੈਦਾ ਹੁੰਦੀ ਹੈ, ਇਹੀ ਕੰਪਨਤਾ ਧੁਨੀ ਦਾ ਅੰਦੋਲਨ ਅਖਵਾਉਂਦਾ ਹੈ। ਇਸ ਕੰਪਨਤਾ ਦੋ ਤਰ੍ਹਾਂ ਦੀ ਹੋ ਸਕਦੀ ਹੈ- ਨਿਯਮਤ ਅਤੇ ਅਨਿਯਮਤ। ਨਿਯਮਤ ਕੰਪਨਤਾ ਮਧੁਰ ਧੁੰਨ ਅਤੇ ਅਨਿਯਮਤ ਕੰਪਨਤਾ ਤਿੱਖੀ ਤੇ ਕੰਨਾਂ ਨੂੰ ਖੜਕਣ ਵਾਲੀ ਧੁਨੀ ਪੈਦਾ ਕਰਦੇ ਹਨ। ਰਘਬੀਰ ਸਿੰਘ ਅਨੁਸਾਰ 'ਕੰਠ ਵਿਚੋਂ ਨਿਕਲੀ ਸੰਗੀਤਮਈ ਅਵਾਜ਼ ਨੂੰ 'ਨਾਦ' ਕਿਹਾ ਜਾਂਦਾ ਹੈ। ਸ਼ਾਸਤਰਾਂ ਵਿਚ ਇਸੇ ਨਾਦ ਨੂੰ ਬ੍ਰਹਮ ਆਖਿਆ ਗਿਆ ਹੈ।ਭਾਵ ਕੰਨਾਂ ਨੂੰ ਭਾਉਣ ਵਾਲੀ ਜਾਂ ਸੰਗੀਤ-ਉਪਯੋਗੀ ਧੁਨੀ ਲਈ 'ਨਾਦ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਨਾਦ ਨੂੰ ਦੋ ਭਾਗਾਂ ਵਿਚ ਵੰਡਿਆ - ਆਹਤ ਤੇ ਅਨਾਹਤ ਨਾਦ। ਸੰਗੀਤ ਸਾਸ਼ਤਰ ਵਿਚ ਆਹਤ ਨਾਦ ਨੂੰ ਪ੍ਰਮੁੱਖ ਮੰਨਿਆ ਗਿਆ ਹੈ। ਦੋ ਵਸਤੂਆਂ ਦੇ ਸ਼ੰਘਰਸ਼ ਨਾਲ ਅਤੇ ਵਾਦ-ਯੰਤਰਾਂ 'ਤੇ ਚੋਟ ਕਰਨ ਨਾਲ ਜਿਹੜੀ ਧੁਨੀ(ਸੰਗੀਤ ਉਪਯੋਗੀ) ਪੈਦਾ ਹੁੰਦੀ ਹੈ, ਉਸ ਨੂੰ ਆਹਤ ਨਾਦ ਕਿਹਾ ਜਾਂਦਾ ਹੈ। ਇਸ ਆਹਤ ਨਾਦ ਤੋਂ ਸੰਗੀਤ ਦੇ ਸਵਰਾਂ ਦੀ ਉਤਪਤੀ ਹੁੰਦੀ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਜਿਸ ਨੂੰ ਸੁਣਨ ਲਈ ਕੰਨ ਉਤਸਕ ਰਹਿੰਦੇ ਹਨ, ਸੁਣਨ ਉਪਰੰਤ ਆਨੰਦ ਆਵੇ, ਨਾਦ ਅਖਵਾਉਂਦਾ ਹੈ। ਨਾਦ ਤੋਂ ਸ਼ਰੁਤੀ, ਸ਼ਰੁਤੀ ਤੋਂ ਸਵਰ ਦੀ ਉਤਪਤੀ ਹੁੰਦੀ ਹੈ। ਸ਼ਰੁਤੀ ਤੋਂ ਭਾਵ ਸੁਣੀ ਜਾਣ ਵਾਲੀ ਅਵਾਜ਼। ਅਜਿਹੀ ਅਵਾਜ਼ ਜੋ ਕੰਨਾਂ ਨੂੰ ਮਧੁਰ ਤੇ ਸਾਫ ਸੁਣਾਈ ਦੇਵੇ। ਸੰਗੀਤ ਸਾਸ਼ਤਰੀਆਂ ਅਨੁਸਾਰ ਇਨ੍ਹਾਂ ਧੁਨੀਆਂ ਦੀ ਸੰਖਿਆ 22 ਮੰਨੀ ਹੈ: ਤੀਵਰਾ, ਕੁਮੁਦਵਤੀ, ਮੰਦਾ, ਛੰਦੋਵਤੀ, ਦਇਆਵਤੀ, ਰੰਜਨੀ, ਰਕਤਿਕਾ, ਰੌਦਰੀ, ਕ੍ਰੋਧੀ, ਵਾਜ੍ਰਿਕਾ, ਪ੍ਰਸਾਰਣੀ, ਪ੍ਰੀਤਿ, ਮਾਰਜਨੀ, ਕਸ਼ਿਤੀ, ਰਕਤਾ, ਸੰਦੀਪਨੀ, ਆਲਾਪਨੀ, ਮਦੰਤੀ, ਰੋਹਿਣੀ, ਰਮਿਯਾ, ਉਗਰਾ, ਕਸ਼ੋਭਿਣੀ। ਇਨ੍ਹਾਂ 22 ਸ਼ਰੁਤੀਆਂ ਤੋਂ ਸੱਤ ਸਵਰਾਂ ਦੀ ਉਤਪਤੀ ਹੁੰਦੀ ਹੈ ਜਿਸਨੂੰ ' ਸ਼ਰੂਤਿਭਯ ਸਯੂ: ਸਵਰਾ: ਸਪਤ' ਨਾਲ ਦਰਸਾਇਆ ਗਿਆ ਹੈ। ਸ਼ਰੁਤੀ ਕੇਵਲ ਸੁਣੀ ਜਾਂਦੀ ਹੈ ਤੇ ਇਸ ਵਿਚ ਗੂੰਜ ਨਹੀਂ ਹੁੰਦੀ। ਸਵਰ ਲਈ ਪੂਰਨ ਸ਼ਰੁਤੀ ਅਤੇ ਗੂੰਜ ਦੋਵੇਂ ਜ਼ਰੂਰੀ ਹਨ। ਭਾਵ ਕਿਸੇ ਹੋਰ ਨਾਦ ਦੀ ਸਹਾਇਤਾ ਬਿਨ੍ਹਾਂ ਜੋ ਆਪਣੇ ਆਪ ਹੀ ਸੁਭਾਵਿਕ ਰੂਪ ਵਿਚ ਸਰੋਤਿਆਂ ਦੇ ਮਨ ਨੂੰ ਆਕਰਸ਼ਿਤ ਕਰੇ, ਉਹ ਸੁਰ ਹੈ। ਸੱਤ ਸੁਰਾਂ ਦੇ ਸੁਮੇਲ ਨਾਲ ਸਪਤਕ ਬਣਦਾ ਹੈ: ਸ਼ੜਜ, ਰਿਸ਼ਭ, ਗੰਧਾਰ, ਮਾਧਿਅਮ, ਪੰਚਮ, ਧੈਵਤ, ਨਿਸ਼ਾਦ। ਸ਼ੜਜ ਅਤੇ ਪੰਚਮ ਅਚੱਲ ਸੁਰ ਹਨ ਭਾਵ ਇਹ ਸੁਰ ਹਮੇਸ਼ਾ ਸ਼ੁੱਧ ਹੀ ਰਹਿੰਦੇ ਹਨ। ਗਾਇਨ ਸਮੇਂ ਹੋਰਨਾਂ ਸੁਰਾਂ ਦੇ ਕੋਮਲ ਜਾਂ ਤੀਵਰ ਹੋ ਸਕਦੇ ਹਨ। ਪੰਜ ਵਿਕ੍ਰਤ ਸਵਰ- ਰੇ ਕੋਮਲ, ਗ ਕੋਮਲ, ਮ ਤੀਵਰ, ਧ ਕੋਮਲ, ਨੀ ਕੋਮਲ। ਇਸ ਪ੍ਰਕਾਰ ਸਪਤਕ ਵਿਚ ਸ਼ੁੱਧ ਤੇ ਵਿਕ੍ਰਤ ਸੁਰ ਮਿਲਾ ਕੇ ਕੁੱਲ 12 ਸਵਰ ਹਨ। ਪੱਛਮੀ ਸੰਗੀਤ ਪ੍ਰਣਾਲੀ ਵਿਚ ਇਨ੍ਹਾਂ ਸੱਤਾਂ ਸੁਰਾਂ ਨੂੰ ਪਾਈਥਾਗੋਰਸ ਯੂਨਾਨੀ ਸਕੇਲ ਅਨੁਸਾਰ ਙ, ਣ, ਥ, ¯, ਭ, ¨, ਨ ਕਿਹਾ ਜਾਂਦਾ ਹੈ। ਭਾਰਤੀ ਸੰਗੀਤ ਸ਼ਾਸਤਰੀਆਂ ਅਨੁਸਾਰ ਇਨ੍ਹਾਂ ਸੁਰਾਂ ਦੀ ਉਤਪਤੀ ਪੰਛੀਆਂ ਤੇ ਜਾਨਵਰਾਂ ਦੀ ਅਵਾਜ਼ਾਂ ਤੋਂ ਹੋਈ ਮੰਨੀ ਹੈ। ਸਵਰਾਂ ਨੂੰ ਪਕ੍ਰਿਤੀ ਨਾਲ ਜੋੜਦਿਆਂ ਮੋਰ ਤੋਂ ਸ਼ੜਜ, ਗਾਂ ਤੋਂ ਰਿਸ਼ਭ, ਕੋਇਲ ਤੋਂ ਪੰਚਮ , ਘੋੜੇ ਤੋਂ ਧੈਵਤ ਤੇ ਹਾਥੀ ਤੋਂ ਨਿਸ਼ਾਦ ਸੁਰਾਂ ਦਾ ਜਨਮ ਮੰਨਦੇ ਹਨ। ਨਾਟਯਸ਼ਾਸਤਰ ਦੇ ਰਸ-ਵਿਧਾਨ ਬਾਰੇ ਬਾਬੂਲਾਲ ਸ਼ੁਕਲ ਸ਼ਾਸਤਰੀ(ਵਿਆਖਿਆਕਾਰ) ਲਿਖਦਾ ਹੈ ਕਿ ਸੱਤ ਸੁਰ ਵੱਖ-ਵੱਖ ਰਸਾਂ ਦਾ ਸੰਚਾਰ ਕਰਦੇ ਹਨ: 1.ਸ਼ੜਜ ਤੋਂ ਵੀਰ, ਅਦਭੁਤ ਰਸ 2. ਰਿਸ਼ਭ ਤੋਂ ਵੀਰ, ਅਦਭੁਤ, ਰੌਦਰ ਰਸ 3. ਗੰਧਾਰ ਤੋਂ ਕਰੁਣਾ ਰਸ 4.

ਮਧਿਅਮ ਤੋਂ ਹਾਸ, ਸ਼ਿੰਗਾਰ ਰਸ 5. ਪੰਚਮ ਤੋਂ ਹਾਸ, ਸ਼ਿੰਗਾਰ ਰਸ 6. ਧੈਵਤ ਤੋਂ ਵੀਭਤਸ, ਭਿਆਨਕ ਰਸ 7. ਨਿਸ਼ਾਦ ਤੋਂ ਕਰੁਣਾ ਰਸ। ਸੁਰਾਂ ਤੋਂ ਥਾਟ, ਥਾਟ ਤੋਂ ਰਾਗ ਦੀ ਉਤਪਤੀ ਹੁੰਦੀ ਹੈ। ਕਰਨਾਟਕੀ ਸੰਗੀਤ ਪੱਧਤੀ ਦੇ ਵਿਦਵਾਨ ਪੰਡਿਤ ਵਿਅੰਕਟਮੁਖੀ ਨੇ 72 ਥਾਟਾਂ ਦੀ ਗਿਣਤੀ ਨਿਸ਼ਚਿਤ ਕੀਤੀ ਹੈ। ਭਾਰਤੀ ਸੰਗੀਤ ਪੱਧਤੀ ਵਿਚ ਮੁੱਖ ਥਾਟ ਦੱਸ ਮੰਨੇ ਜਾਂਦੇ ਹਨ:

ਬਿਲਾਵਲ- ਸ ਰੇ ਗ ਮ ਪ ਧ ਨੀ ਸਂ

ਕਲਿਆਣ- ਸ ਰੇ ਗ ਮ(ਤੀਵਰ) ਪ ਧ ਨੀ ਸਂ

ਖਮਾਜ- ਸ ਰ ਗ ਮ ਪ ਧ ਨੀ(ਕੋਮਲ) ਸਂ

ਭੈਰਵ- ਸ ਰੇ(ਕੋਮਲ) ਗ ਮ ਪ ਧ(ਕੋਮਲ) ਨੀ ਸਂ

ਪੂਰਵੀ- ਸ ਰੇ(ਕੋਮਲ) ਗ ਮ(ਤੀਵਰ) ਪ ਧ(ਕੋਮਲ) ਨੀ ਸਂ

ਮਾਰਵਾ- ਸ ਰੇ(ਕੋਮਲ) ਗ ਮ(ਤੀਵਰ) ਪ ਧ ਨ ਸਂ

ਕਾਫੀ- ਸ ਰੇ ਗ(ਕੋਮਲ) ਮ ਪ ਧ ਨੀ(ਕੋਮਲ) ਸਂ

ਆਸਾਵਰੀ- ਸ ਰੇ ਗ(ਕੋਮਲ) ਮ ਪ ਧ(ਕੋਮਲ) ਨੀ(ਕੋਮਲ) ਸਂ

ਭੈਰਵੀ- ਸ ਰੇ(ਕੋਮਲ) ਗ(ਕੋਮਲ) ਮ ਪ ਧ(ਕੋਮਲ) ਨੀ(ਕੋਮਲ) ਸਂ

ਤੋੜੀ- ਸ ਰੇ(ਕੋਮਲ) ਗ(ਕੋਮਲ) ਮ(ਤੀਵਰ) ਪ ਧ(ਕੋਮਲ) ਨੀ ਸਂ

ਨਾਦ ਤੋਂ ਸਵਰ, ਸਵਰ ਤੋਂ ਥਾਟ, ਥਾਟਾਂ ਤੋਂ ਰਾਗਾਂ ਦਾ ਜਨਮ ਹੁੰਦਾ ਹੈ। ਸੁਰਾਂ ਅਤੇ ਵਰਣਾਂ ਦੇ ਮੇਲ ਤੋਂ ਉਤਪੰਨ ਵਿਸ਼ੇਸ਼ ਧੁਨੀ, ਜੋ ਸਰੋਤਿਆਂ ਦੇ ਮਨ ਨੂੰ ਰੰਜਕਤਾ ਭਾਵ ਆਨੰਦ ਦੇਵੇ, ਉਸਨੂੰ ਰਾਗ ਕਿਹਾ ਜਾਂਦਾ ਹੈ। ਹਰ ਰਾਗ ਦੀ ਆਪਣੀ ਪ੍ਰਕ੍ਰਿਤੀ ਤੇ ਆਪਣਾ ਰਸ ਹੁੰਦਾ ਹੈ। ਇਹ ਰਾਗ ਦੇ ਗਾਇਨ ਸਮੇਂ 'ਤੇ ਵੀ ਬਹੁਤ ਨਿਰਭਰ ਕਰਦਾ ਹੈ ਕਿਉਂਕਿ ਸ਼ਾਸਤਰੀ ਗਾਇਨ ਦੀਆਂ ਆਪਣੀਆਂ ਸੀਮਾਵਾਂ ਹਨ। ਇਸ ਕਰਕੇ ਕਿਸੇ ਰਚਨਾ(ਕਾਵਿ) ਨੂੰ ਸੰਗੀਤਬੱਧ ਕਰਨ ਲਈ ਅਨੁਕੂਲਿਤ ਰਾਗ ਤੇ ਤਾਲ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਭਾਰਤੀ ਸੰਗੀਤ ਨੂੰ ਚਾਰ ਮੁੱਖ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ: 1. ਸ਼ਾਸਤਰੀ ਸੰਗੀਤ 2. ਉਪ-ਸ਼ਾਸਤਰੀ ਸੰਗੀਤ 3. ਸੁਗਮ ਸੰਗੀਤ 4. ਲੋਕ ਸੰਗੀਤ

ਕਾਵਿ ਅਤੇ ਸੰਗੀਤ

ਕਾਵਿ ਤੇ ਸੰਗੀਤ ਦਾ ਬੜ੍ਹਾ ਗਹਿਰਾ ਸੰਬੰਧ ਹੈ। ਦੋਵੇਂ ਕਲਾਵਾਂ ਦਾ ਸੰਬੰਧ ਧੁਨੀ ਨਾਲ ਹੈ। ਇਕ ਪਾਸੇ ਧੁਨੀ ਅਰਥਵਾਹਕ ਸ਼ਬਦ ਵਿਚ ਬਦਲ ਜਾਂਦੀ ਹੈ ਤੇ ਦੂਸਰੇ ਪਾਸੇ ਸੰਗੀਤਕ ਨਾਦ ਭਾਵ ਸਵਰ ਵਿਚ ਬਦਲ ਜਾਂਦੀ ਹੈ। ਸੰਗੀਤ ਕਿਤੇ ਨਾ ਕਿਤੇ ਕਾਵਿ ਦੇ ਨਾਲ ਜ਼ਰੂਰ ਜੁੜਿਆ ਰਹਿੰਦਾ ਹੈ, ਭਾਵੇਂ ਉਹ ਸਥੂਲ ਰੂਪ ਜਾਂ ਸੂਖਮ ਰੂਪ ਵਿਚ ਹੋਵੇ। ਕਦੇ ਇਹ ਰਾਗ-ਰਾਗਨੀਆਂ ਵਿਚ ਲਿਖੀਆਂ ਕਾਵਿ-ਪੰਕਤੀਆਂ ਦੇ ਪ੍ਰਯੋਗ ਦੁਆਰਾ ਸਿੱਧੇ ਸ਼ਾਸਤਰੀ ਰੂਪ ਤੇ ਕਦੇ ਲੋਕ-ਸੰਗੀਤ ਦੀਆਂ ਧੁੰਨਾਂ ਦੇ ਰੂਪ ਵਿਚ ਕਾਵਿ ਦਾ ਸ਼ਿੰਗਾਰ ਬਣਦਾ ਹੈ। ਵਿੱਦਿਆ ਦੀ ਦੇਵੀ ਮਾਂ ਸਰਸਵਤੀ ਨੂੰ ਅਸੀ ਇੱਕੋ ਵੇਲੇ ਵੀਣਾਧਾਰਣੀ ਤੇ ਪੁਸਤਕ ਧਾਰਣੀ ਦੇ ਰੂਪ ਵਿਚ ਵੇਖਦੇ ਹਾਂ। ਡੇਜ਼ੀ ਵਾਲੀਆ ਭਾਰਤੀ ਸੰਸਕ੍ਰਿਤੀ ਦੇ ਹਵਾਲੇ ਨਾਲ ਲਿਖਦੀ ਹੈ

ਕਿ 'ਆਦਿਮ ਸੰਗੀਤਕਾਰ ਨਟਰਾਜ ਦੇ ਤਾਲ-ਲੈਅ ਭਰਪੂਰ ਤਾਂਡਵ ਨਾਲ ਕਾਵਿ ਅਤੇ ਸੰਗੀਤ ਦੇ ਤੱਤਾਂ ਦਾ ਇਕੱਠਾ ਹੀ ਆਰੰਭ ਹੋਇਆ। ਪ੍ਰਾਚੀਨ ਗ੍ਰੰਥਾਂ ਵਿਚ ਇਸ ਪ੍ਰਕਾਰ ਦੀ ਰੀਤ ਮਿਲਦੀ ਹੈ ਕਿ ਸੰਗੀਤ ਦਾ ਆਦਿਮ ਰਾਗ ਭੈਰਵ ਭਗਵਾਨ ਸ਼ਿਵ ਦੇ ਅਘੋਰ ਮੁੱਖ ਤੋਂ ਉਤਪੰਨ ਹੋਇਆ ਅਤੇ ਸਾਹਿਤ ਦੀ ਅਦਿਮ ਵਰਣਮਾਲਾ ਮਹਾਂਦੇਵ ਦੇ ਪੈਰ -ਚਾਪ ਨਾਲ ਪ੍ਰਕਾਸ਼ ਵਿਚ ਆਈ। ਸ਼ਾਇਦ ਇਸੇ ਕਰਕੇ ਪ੍ਰਾਚੀਨ ਕਾਲ ਵਿਚ ਕਵੀ ਖੁਦ ਗਾਇਕ ਜਾਂ ਕੰਪੋਜ਼ਰ ਵੀ ਹੁੰਦੇ ਸਨ। ਪੁਰਾਤਨ ਕਾਵਿ ਵਿਚ ਰਾਗ-ਪਰੰਪਰਾ ਦਾ ਨਿਰੰਤਰ ਰੁਝਾਨ ਰਿਹਾ ਹੈ। ਵੈਦਿਕ ਕਾਲ ਵਿਚ ਗਾਇਨ ਦੇ ਨਾਲ ਅਵਨਧ, ਤੰਤੀ ਤੇ ਸੁਸ਼ਿਰ ਸਾਜ਼ਾਂ ਦੀ ਖੋਜ ਹੋ ਚੁਕੀ ਸੀ। ਚਾਰਾਂ ਵੇਦਾਂ ਵਿੱਚੋਂ ਸੰਗੀਤ ਦੀ ਦ੍ਰਿਸ਼ਟੀ ਤੋਂ 'ਸਾਮਵੇਦ' ਦਾ ਵਿਸ਼ੇਸ਼ ਸਥਾਨ ਹੈ। ਵੈਦਿਕ ਮੰਤਰਾਂ ਦੇ ਉਚਾਰਨ ਨੂੰ 'ਸਾਮਗਾਨ' ਕਿਹਾ ਜਾਂਦਾ ਸੀ। ਉਚਾਰਣ ਦੀ ਦ੍ਰਿਸ਼ਟੀ ਤੋਂ ਸਾਮਗਾਨ ਵਿਚ ਮੁੱਖ ਤਿੰਨ ਸੁਰਾਂ (ਉੱਦਾਤ, ਅਨੁਦਾਤ ਅਤੇ ਸਵਰਿਤ) ਦਾ ਪ੍ਰਯੋਗ ਹੁੰਦਾ ਸੀ। ਸਮੁੱਚਾ ਸਾਮ ਗਾਇਨ ਭੈਰਵੀ, ਖਮਾਜ, ਕਾਫੀ, ਬਿਲਾਵਲ ਰਾਗ ਵਿਚ ਗਾਇਆ ਜਾਂਦਾ ਸੀ ਅਤੇ ਭੈਰਵੀ ਰਾਗ ਵਿਚ ਪੰਚਮ ਸਵਰ ਨਹੀਂ ਲੱਗਦਾ ਸਗੋਂ ਦੋਵੇਂ ਮਾਧਿਅਮ (ਸ਼ੁੱਧ ਅਤੇ ਤੀਵਰ) ਸੁਰਾਂ ਦੀ ਵਰਤੋਂ ਕੀਤੀ ਜਾਂਦੀ ਸੀ। ਪੰਨਾ ਲਾਲ ਮਦਾਨ 'ਅਨੁਸਾਰ' ਸਾਮਗਾਨ ਦੇ ਜਨਮ ਨਾਲ ਹੀ ਸੰਗੀਤ ਕਲਾ ਦਾ ਸੂਰਜ ਉਦੇ ਹੋ ਚੁੱਕਾ ਸੀ। ਇਸਦਾ ਗਾਇਨ ਤਿੰਨ ਸੁਰਾਂ ਵਿਚ ਨਹੀਂ ਸਗੋਂ ਸੱਤ ਸੁਰਾਂ ਅਤੇ ਸੱਤਾਂ ਰਾਗਾਂ ਵਿਚ ਹੁੰਦਾ ਸੀ। ਇਹ ਰਾਗ ਅੱਜ ਵੀ ਪ੍ਰਚਲਿਤ ਹਨ। ਵਰਤਮਾਨ ਵਿਚ ਸੱਤ ਸਵਰਾਂ ਦੀ ਉਤਪਤੀ ਇਨ੍ਹਾਂ ਤਿੰਨਾਂ ਸਵਰਾਂ ਤੋਂ ਮੰਨੀ ਜਾਂਦੀ ਹੈ। ਉਦਾਤ ਨੂੰ ਨਿਸ਼ਾਦ-ਗੰਧਾਰ ਸੁਰ, ਅਨੁਦਾਤ ਨੂੰ ਰਿਸ਼ਭ-ਧੈਵਤ ਸੁਰ ਤੇ ਸਵਰਿਤ ਨੂੰ ਸ਼ੜਜ-ਮਧਿਅਮ-ਪੰਚਮ ਸੁਰ ਕਿਹਾ ਜਾਂਦਾ ਸੀ। ਸਾਮਵੇਦ ਦੁਆਰਾ ਹੀ ਸੰਗੀਤ ਨੂੰ ਇਕ ਨਿਯਮਾਵਲੀ ਦੇ ਵਿਚ ਬੰਨ੍ਹਿਆ ਗਿਆ। ਭਰਤ ਯੁਗ: ਭਰਤ ਮੁਨੀ ਦਾ ਨਾਟਯਸ਼ਾਸਤਰ(ਤੀਜੀ-ਚੌਥੀ ਸਦੀ) ਸੰਗੀਤ ਦਾ ਆਦਿ ਗ੍ਰੰਥ ਕਿਹਾ ਜਾਂਦਾ ਹੈ। ਜੈਦੇਵ(11ਵੀਂ ਸਦੀ) ਰਚਿਤ 'ਗੀਤਗੋਵਿੰਦ' ਗਾਇਨ ਕਾਵਿ ਦਾ ਪਹਿਲਾ ਗ੍ਰੰਥ ਮੰਨਿਆ ਗਿਆ ਹੈ। ਰਾਮਚੰਦਰ ਵਰਮਾ ਸ਼ਾਸਤਰੀ ਅਨੁਸਾਰ 'ਕਵੀ ਦੇ ਸਮਕਾਲੀਨ ਉੜੀਸਾ ਦੇ ਸ਼ਾਸਕ ਰਾਜਾ ਪ੍ਰਤਾਪ ਰੁਦਰ ਪ੍ਰਤਾਪ ਰੁਦਰਦੇਵ ਨੇ ਆਪਣੇ ਰਾਜ ਦੇ ਗਾਇਕਾਂ, ਸੰਗੀਤਕਾਰਾਂ ਅਤੇ ਨ੍ਰਿਤਕਾਂ ਲਈ 'ਗੀਤਗੋਵਿੰਦ' ਦੇ ਪਦਾਂ ਨੂੰ ਗਾਉਣ ਦਾ ਆਦੇਸ਼ ਜਾਰੀ ਕਰ ਦਿੱਤਾ। ਮਹਾਰਾਜ ਨੇ ਜੈਦੇਵ ਨੂੰ ਇਸ ਕਾਵਿ ਦੀ ਰਚਨਾ ਲਈ 'ਕਵੀਰਾਜ' ਦੀ ਉਪਾਧੀ ਨਾਲ ਸਨਮਾਨਿਤ ਕੀਤਾ। ਸਾਰੰਗਦੇਵ ਰਚਿਤ 'ਸੰਗੀਤ-ਰਤਨਾਕਰ'(1210-1247) ਸੰਗੀਤ ਸਾਸ਼ਤਰ ਦਾ ਪਹਿਲਾ ਗ੍ਰੰਥ ਹੈ। ਮੁਗਲ ਕਾਲ ਵਿਚ ਕਾਵਿ ਤੇ ਸੰਗੀਤ ਜਿਹੀਆਂ ਹੋਰ ਕਲਾਵਾਂ ਨੂੰ ਭਾਰੀ ਨੁਕਸਾਨ ਹੋਇਆ। ਸੰਗੀਤ ਵਿਚ ਕਾਫੀ ਪਰਿਵਰਤਨ ਹੋਏ। ਗੀਤ, ਧਰੁਪਦ, ਪ੍ਰਬੰਧ ਗਾਇਨ-ਸ਼ੈਲੀਆਂ ਜਿਨ੍ਹਾਂ ਵਿਚ ਸੰਗੀਤ ਦੇ ਨਾਲ- ਨਾਲ ਸਾਹਿਤਕਤਾ ਨੂੰ ਵੀ ਅਹਿਮਿਅਤ ਦਿੱਤੀ ਜਾਂਦੀ ਸੀ। ਉਸ ਦਾ ਸਥਾਨ ਹੁਣ ਖਿਆਲ ਗਾਇਕੀ ਨੇ ਲੈ ਲਿਆ ਸੀ, ਜਿਸ ਵਿਚ ਰਾਗ ਦੀ ਸ਼ੁੱਧਤਾ ਤੇ ਵਿਸਥਾਰ ਮੁੱਖ ਕਲਾਕਾਰੀ ਸੀ। ਇਸ ਸੰਕਟਕਾਲੀਨ ਸਮੇਂ ਵਿਚ ਕਵੀਆਂ ਨੇ ਵਿਸ਼ੇਸ਼ ਯੋਗਦਾਨ ਪਾਇਆ, ਉਨ੍ਹਾਂ ਆਪਣੀ ਕਵਿਤਾ ਭਾਵ ਅਨੁਸਾਰ ਰਾਗ ਤੇ ਤਾਲ ਵਿਚ ਰਚੀ। ਇਸ ਪਰੰਪਰਾ ਦੇ ਅਧੀਨ ਮੱਧਕਾਲੀ ਸੂਫੀ, ਸੰਤਾਂ ਤੇ ਭਗਤਾਂ ਨੇ ਰਾਗਬੱਧ ਤੇ ਛੰਦਬੱਧ ਕਵਿਤਾ ਰਚੀ। ਡਾ. ਅਸ਼ਵਨੀ ਕੁਮਾਰ ਲਿਖਦਾ ਹੈ ਕਿ 'ਜਦੋਂ ਸ੍ਰੇਸ਼ਠ ਸਾਹਿਤ ਆਮ ਲੋਕਾਂ ਤੋਂ ਦੂਰ ਹੋਣ ਲੱਗਦਾ ਹੈ ਤਾਂ ਕਵੀਆਂ ਨੇ ਲੋਕ-ਛੰਦ ਅਤੇ ਲੋਕ-ਰੀਤਾਂ ਦੀ ਵਰਤੋਂ ਕਰਦਿਆਂ ਕਾਵਿ ਨੂੰ ਨਵਾਂ ਮੁਹਾਂਦਰਾ ਪ੍ਰਦਾਨ ਕੀਤਾ। ਮੱਧਕਾਲੀ ਕਵੀ ਲੋਕ-ਮੰਗਲਵਾਦੀ ਸਨ। ਉਹ ਭਗਤੀ ਅਤੇ ਅਧਿਆਤਮਕ ਸਾਧਨਾ ਨੂੰ ਘਰ-ਘਰ ਤੱਕ ਪਹੁੰਚਾਉਣਾ ਚਾਹੁੰਦੇ ਸਨ। ਇਸ ਲਈ ਜ਼ਰੂਰੀ ਸੀ ਕਿ ਲੋਕ ਪ੍ਰਚਲਿਤ ਛੰਦਾਂ, ਕਾਵਿ-ਰੂਪਾਂ ਅਤੇ ਗਾਇਨ ਸ਼ੈਲੀਆਂ ਜ਼ਰੀਏ ਆਪਣਾ ਸੰਦੇਸ਼ ਆਮ ਲੋਕਾਂ ਤੱਕ ਪਹੁੰਚਾਇਆ ਜਾਵੇ। ਪੰਜਾਬੀ ਵਿਚ ਤਾਂ ਆਦਿ ਕਾਲ ਤੋਂ ਹੀ ਕਵਿਤਾ ਦਾ ਸੰਗੀਤ ਨਾਲ ਗੂੜ੍ਹਾ ਰਿਸ਼ਤਾ ਰਿਹਾ ਹੈ। ਸ੍ਰੀ

ਗੁਰੂ ਗ੍ਰੰਥ ਸਾਹਿਬ ਇਕੱਤੀ ਪ੍ਰਮਾਣਿਕ ਰਾਗਾਂ 'ਤੇ ਆਧਾਰਿਤ ਹੈ। ਪੰਜਾਬੀ ਸੂਫੀ ਕਾਵਿ, ਕਿੱਸਾ ਕਾਵਿ ਤੇ ਵਾਰ ਕਾਵਿ ਦਾ ਗਾਇਨ ਵੀ ਵਿਸ਼ੇਸ਼ ਰਾਗਾਂ ਅਤੇ ਛੰਦਾਂ ਵਿਚ ਨਿਰਧਾਰਿਤ ਕੀਤਾ ਗਿਆ ਹੈ। ਲੋਕ-ਕਾਵਿ, ਲੋਕ-ਧੁੰਨਾਂ 'ਤੇ ਅਧਾਰਿਤ ਹੈ: 1. ਨਿਬੱਧ (ਲੈਅ-ਤਾਲ ਸਹਿਤ) 2. ਅਨਿਬੱਧ (ਲੈਅ-ਤਾਲ ਰਹਿਤ)। ਲੋਕ ਧੁੰਨਾਂ ਦੇ ਨਿਬੱਧ ਪ੍ਰਕਾਰ ਵਿਚ ਬੋਲੀਆਂ, ਟੱਪੇ, ਮਾਹੀਆ ਆਦਿ ਆ ਜਾਂਦੇ ਹਨ ਅਤੇ ਅਨਿਬੱਧ ਪ੍ਰਕਾਰ ਵਿਚ ਅਲਾਹੁਣੀਆਂ, ਸੁਹਾਗ, ਘੋੜੀਆਂ, ਹੀਰ ਨੂੰ ਸ਼ਾਮਿਲ ਕੀਤਾ ਗਿਆ ਹੈ। ਵਾਰਿਸ ਸ਼ਾਹ ਰਚਿਤ ਹੀਰ 'ਬੈਂਤ' ਛੰਦ ਅਤੇ ਪਰੰਪਰਕ ਤਰਜ ਰਾਗ 'ਭੈਰਵੀ' ਵਿਚ ਗਾਈ ਜਾਂਦੀ ਹੈ। ਲੋਕ-ਕਾਵਿ 'ਹੀਰ' ਨੂੰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਫਨਕਾਰਾਂ ਨੇ ਆਪਣੇ-ਆਪਣੇ ਅੰਦਾਜ਼ ਵਿਚ ਗਾਇਆ।

ਅਵੱਲ ਹਮਦ ਖੁਦਾਇ ਦਾ ਵਿਰਦ ਕੀਚੈ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ

ਪਹਿਲਾਂ ਆਪ ਹੈ ਰੱਬ ਨੇ ਇਸ਼ਕ ਕੀਤਾ, ਮਸ਼ੂਕ ਹੈ ਨਬੀ ਰਸੂਲ ਮੀਆਂ

ਥਾਟ: ਭੈਰਵੀ ਜਾਤੀ: ਸੰਪੂਰਣ ਵਾਦੀ: ਮ

ਸਵਰ: ਰੇ, ਗ, ਧ, ਨੀ ਕੋਮਲ ਸੰਵਾਦੀ: ਸ ਗਾਇਨ ਸਮਾਂ: ਸਵੇਰ ਦਾ ਸਮਾਂ

ਅਰੋਹ: ਸਾ, ਰੇ(ਕੋਮਲ) ਗ(ਕੋਮਲ), ਮ, ਪ, ਧ(ਕੋਮਲ) ਨੀ(ਕੋਮਲ) ਸਂ

ਅਵਰੋਹ: ਸਂ, ਨੀ(ਕੋਮਲ) ਧ(ਕੋਮਲ) ਪ, ਮ ਗ(ਕੋਮਲ) ਰੇ(ਕੋਮਲ) ਸਂ

ਮੁੱਖ ਅੰਗ: ਮ ਗ(ਕੋਮਲ) ਰੇ(ਕੋਮਲ) ਸ, ਧ(ਕੋਮਲ) ਨੀ(ਕੋਮਲ) ਸ ਰੇ(ਕੋਮਲ) ਸ

ਕਿਸੇ ਵੀ ਗਾਇਨ ਕਾਵਿ ਵਿਚ ਸ਼ਬਦਾਂ ਅਨੁਸਾਰ ਰਾਗ ਦੇ ਪ੍ਰਯੋਗ ਦਾ ਖਾਸ ਮਹੱਤਵ ਹੈ। ਜਿਸ ਪ੍ਰਕਾਰ ਭੈਰਵ, ਆਸਾ, ਟੋਡੀ, ਆਦਿ ਸਵੇਰ ਦੇ ਰਾਗ, ਵਰਿੰਦਾਵਨੀ ਸਾਰੰਗ ਦੁਪਹਿਰ ਦਾ ਰਾਗ, ਮੁਲਤਾਨੀ ਤੇ ਯਮਨ ਸ਼ਾਮ ਦੇ ਰਾਗ ਹਨ। ਭਾਰਤੀ ਸੰਗੀਤ ਪੱਧਤੀ ਅਨੁਸਾਰ ਵੱਖ-ਵੱਖ ਰਾਗ-ਗਾਇਨ ਲਈ ਅੱਠ ਪਹਿਰਾਂ 'ਚੋਂ ਸਮਾਂ ਨਿਰਧਾਰਿਤ ਕੀਤਾ ਗਿਆ ਹੈ। ਜੇਕਰ ਭੈਰਵ ਰਾਗ ਨੂੰ ਸ਼ਾਮ ਨੂੰ ਗਾਇਆ ਜਾਵੇ, ਸ਼ਾਸਤਰੀ ਸਿਧਾਤਾਂ ਦੀ ਉਲੰਘਣਾ ਹੋਵੇਗੀ। ਕੁਝ ਰਾਗ ਮੌਸਮੀ ਹਨ, ਜਿਨ੍ਹਾਂ ਦਾ ਨਾਮਕਰਣ ਵੀ ਰੁੱਤਾਂ ਅਨੁਸਾਰ ਕੀਤਾ ਗਿਆ ਹੈ ਜਿਵੇਂ ਬਸੰਤ ਰਾਗ, ਮੀਆਂ ਮਲ੍ਹਾਰ ਆਦਿ। ਇਹ ਨਿਰਧਾਰਿਤ ਰੁੱਤਾਂ ਵਿਚ ਕਿਸੇ ਵੀ ਪਹਿਰ ਗਾਏ ਜਾ ਸਕਦੇ ਹਨ। ਇਸ ਪੱਖੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਗੀਤ ਦਾ ਅਦੁੱਤੀ ਗ੍ਰੰਥ ਹੈ। ਰਾਗ ਭੈਰਵੀ ਪੁਰਵਾਂਗੀ ਰਾਗ ਹੈ, ਜਿਸਦਾ ਗਾਇਨ ਸਮਾਂ ਦੁਪਹਿਰ ਤੋਂ ਅੱਧੀ ਰਾਤ ਦਾ ਹੈ। ਪੂਰਵਾਂਗੀ ਤੋਂ ਭਾਵ ਰਾਗ ਸ, ਰੇ, ਗ, ਮ, ਪ ਸਵਰਾਂ ਵਿਚੋਂ ਵਾਦੀ ਸੁਰ ਹੋਵੇ। ਭੈਰਵੀ ਰਾਗ ਦਾ ਵਾਦੀ ਸੁਰ ਮ, ਤਾਲ ਕਹਿਰਵਾ(ਡੱਫ) ਅਤੇ ਪ੍ਰਕ੍ਰਿਤੀ ਚੰਚਲ ਹੈ। ਰਘਬੀਰ ਸਿੰਘ ਰਾਗ-ਰਸ ਬਾਰੇ ਲਿਖਦਾ ਹੈ ਕਿ "ਸ਼ੁੱਧ ਰੇ ਅਤੇ ਧ ਵਾਲੇ ਰਾਗ ਸ਼ਿੰਗਾਰ ਰਸ ਉਤਪੰਨ ਕਰਦੇ ਹਨ। ਕੋਮਲ ਗ ਅਤੇ ਨੀ ਕੋਮਲ ਵਾਲੇ ਵੀਰ ਰਸ ਅਤੇ ਕੋਮਲ ਰੇ ਤੇ ਧ ਅਤੇ ਮ ਤੀਵਰ ਵਾਲੇ ਰਾਗ ਕਰੁਣਾ ਰਸ ਉਤਪੰਨ ਕਰਦੇ ਹਨ।" ਇਸੇ ਪ੍ਰਕਾਰ ਰਾਗ ਭੈਰਵੀ ਵਿਚ ਰੇ, ਗੁ, ਧ, ਨੀ ਕੋਮਲ ਸਵਰ ਹਨ, ਜਿਸ ਦੇ ਗਾਇਨ ਉਪਰੰਤ ਸ਼ਿੰਗਾਰ ਤੇ ਕਰੁਣਾ ਰਸ ਉਤਪੰਨ ਹੁੰਦਾ ਹੈ। ਸਮੁੱਚੀ ਵਾਰਿਸ ਸ਼ਾਹ ਦੀ 'ਹੀਰ' ਸ਼ਿੰਗਾਰ ਤੇ ਕਰੁਣਾ ਰਸ ਨਾਲ ਲਬਰੇਜ਼ ਹੈ। ਕਾਵਿ-ਰਸ ਤੇ ਰਾਗ-ਰਸ ਦੇ ਸੁੰਦਰ ਸੁਮੇਲ ਕਰਕੇ ਹੀ ਇਸ ਪਰੰਪਰਕ ਧੁੰਨ ਨੂੰ ਉਪ-ਸ਼ਾਸਤਰੀ ਗਾਇਨ ਵਾਂਗ ਰਾਗ ਭੈਰਵੀ ਵਿਚ ਹੀ ਗਾਇਆ ਜਾਂਦਾ ਹੈ। ਪ੍ਰਿਤਪਾਲ ਸਿੰਘ ਅਨੁਸਾਰ 'ਸਾਹਿਤ ਤੇ ਸੰਗੀਤ ਦਾ ਸੰਜੋਗ ਅਕਸਰ ਵੇਖਣ ਵਿਚ ਅਉਂਦਾ ਹੈ। ਇਹ ਸੰਜੋਗ ਨਿਸ਼ਚੈ ਹੀ ਇਨ੍ਹਾਂ ਦੋਹਾਂ ਕਲਾ-ਰੂਪਾਂ ਦੇ ਸੁਹਜ ਦੇ ਰਸ-ਆਨੰਦ ਵਿਚ ਵ੍ਰਿਧੀ ਕਰਦਾ ਹੈ। ਕਈ ਕਲਾਕਾਰ ਗਾਇਨ ਨੂੰ ਸੁੰਦਰ ਤੇ ਪ੍ਰਭਾਵਸ਼ਾਲੀ ਬਣਾਉਣ

ਲਈ ਮੁਰਕੀਆਂ, ਕਣਾਂ ਤੇ ਅਲਾਪ ਦੀ ਵਰਤੋਂ ਵੀ ਕਰਦੇ ਹਨ। ਸਰੋਤਿਆਂ ਨਾਲ ਸੰਬੰਧ ਸਥਾਪਿਤ ਕਰਦਿਆਂ ਸੰਗੀਤਕਾਰ ਨੂੰ ਆਪਣੇ ਮਨ ਵਿਚਲੇ ਭਾਵਾਂ ਨੂੰ ਸਰੋਤਿਆਂ ਦੇ ਭਾਵਾਂ ਨਾਲ ਜੋੜਨਾ ਹੁੰਦਾ ਹੈ। ਸਰੋਤਿਆਂ ਵਿਚ ਪ੍ਰਾਪਤ ਅਨੰਦ ਦੀ ਅਵਸਥਾ ਸ਼ਾਂਤ ਵੀ ਹੋ ਸਕਦੀ ਹੈ। ਡਾ. ਕਿਰਨ ਤਿਵਾਰੀ ਅਨੁਸਾਰ ਇੱਕ ਸੰਗੀਤਕਾਰ ਆਪਣੇ ਗਾਇਨ ਦੁਆਰਾ ਜਿਨ੍ਹਾਂ ਧੁਨੀਆਂ ਤੇ ਸੁਰਾਂ ਨੂੰ ਵਾਤਾਵਰਣ ਵਿਚ ਸਥਾਪਿਤ ਕਰਦਾ ਹੈ, ਇਹ ਸੁਰ ਤੇ ਧੁਨੀਆਂ ਸਰੋਤਿਆਂ ਤੱਕ ਪਹੁੰਚ ਕੇ ਰਾਗ-ਭਾਵ ਦੇ ਸਰੂਪ ਵਿਚ ਸਰੋਤੇ ਦੀ ਮੂਰਤ ਤੇ ਅਮੂਰਤ ਭਾਵਨਾ ਨੂੰ ਜਾਗ੍ਰਿਤ ਕਰਦੀ ਹੈ।

ਵੈਦਿਕ ਕਾਲ ਤੋਂ ਵਧੇਰੇ ਕਾਵਿ ਰਚਨਾ ਛੰਦਾਂ ਵਿਚ ਹੋਈ। ਛੰਦ ਤੇ ਸੰਗੀਤ ਦਾ ਵੀ ਗਹਿਰਾ ਸੰਬੰਧ ਹੈ। ਸੰਸਕ੍ਰਿਤ ਵਿਚ 'ਛੰਦ' ਸ਼ਬਦ ਦਾ ਧਾਤੂ 'ਛੱਦ' ਵੀ ਮੰਨਿਆ ਜਾਂਦਾ ਹੈ, ਜਿਸ ਦੇ ਅਰਥ ਹਨ ਢੱਕਣਾ, ਲੁਕਾਉਣਾ, ਅਛਾਦਾਨ ਕਰਨਾ ਆਦਿ। ਇਹ ਵੀ ਮੰਨਣਾ ਹੈ ਕਿ ਦੇਵਤਿਆਂ ਨੇ ਮੌਤ ਅਤੇ ਦੁੱਖਾਂ ਤੋਂ ਬਚਣ ਲਈ ਜਿਨ੍ਹਾਂ ਮੰਤਰਾਂ ਰਾਹੀਂ ਆਪਣੇ ਆਪ ਨੂੰ ਢੱਕਿਆ, ਉਨ੍ਹਾਂ ਨੂੰ ਛੰਦ ਕਹਿੰਦੇ ਹਨ। ਇਸ ਤਰ੍ਹਾਂ ਵੇਦ ਦਾ ਨਾਂ ਵੀ ਛੰਦ ਪੈ ਗਿਆ। ਦੋਵਾਂ ਨੂੰ ਪਰਿਭਾਸ਼ਿਤ ਕਰਦਿਆਂ , ਜਦੋਂ ਕਵਿਤਾ ਨੂੰ ਮਾਤ੍ਰਾ-ਵਰਣਾਂ ਦੀ ਭਾਸ਼ਾ ਵਿਚ ਗਿਣਿਆ ਜਾਵੇ, ਛੰਦ ਬਣ ਜਾਂਦਾ ਹੈ ਤੇ ਜਦੋਂ ਕਵਿਤਾ ਨੂੰ ਸੁਰਾਂ ਦੀ ਭਾਸ਼ਾ ਵਿਚ ਮਾਪਿਆ ਜਾਂਦਾ ਹੈ, ਸੰਗੀਤ ਬਣ ਜਾਂਦਾ ਹੈ। ਛੰਦਾਂ ਦਾ ਆਧਾਰ ਵੇਦ ਹਨ ਅਤੇ ਇੱਕ ਯਜੁਰਵੇਦ ਤੋਂ ਇਲਾਵਾ ਤਿੰਨੋਂ ਵੇਦ ਛੰਦਬੱਧ ਹਨ। ਡਾ. ਜੈਚੰਦ ਸ਼ਰਮਾ ਛੰਦ, ਮਾਤਰਾ ਤੇ ਸਵਰਾਂ ਦਾ ਇਸ ਪ੍ਰਕਾਰ ਛੰਦ ਸਥਾਪਿਤ ਕਰਦਾ ਹੈ:

| ਵੈਦਿਕ ਛੰਦ | ਮਾਤਰਾਵਾਂ | ਵਿਭਾਗ | ਸੁਰ |
|---|---|---|---|
| ਅਨੁਸ਼ਟੁਪ | 32 | 8/8/8/8 | ਸ |
| ਗਾਇਤਰੀ | 24 | 8/8/8 | ਰੇ |
| ਤ੍ਰਸ਼ਿਟੁਪ | 44 | 1 1 / 1 1 / 1 1 / 1 1 | ਗ |
| ਬ੍ਰਹਤੀ | 36 | 8/8/12/8 | ਮ |
| ਪੰਕਤਿ | 40 | 8/8/8/8/8 | ਪ |
| ਉਸ਼ਣਕਿ | 28 | 8/8/12 | ਧ |
| ਜਗਤੀ | 48 | 12/12/12/12/ | ਨੀ |

ਇਸ ਪ੍ਰਕਾਰ ਛੰਦਾਂ ਨੂੰ ਲੈਅ ਦੇ ਨਾਲ-ਨਾਲ ਸੱਤਾਂ ਸੁਰਾਂ ਦੇ ਨਾਲ ਵੀ ਜੋੜਿਆ ਗਿਆ ਹੈ ਅਤੇ ਮਾਤਰਾਵਾਂ ਦੇ ਨਾਲ-ਨਾਲ ਗਾਇਨ ਲਈ ਸੁਰ ਵੀ ਨਿਸ਼ਚਿਤ ਕੀਤੇ ਗਏ ਸਨ। ਵੈਦਿਕ ਛੰਦ ਪੰਕਿਤ ਵਾਂਗ ਪੰਜਾਬੀ ਭਾਸ਼ਾ ਵਿਚ 'ਬੈਂਤ' ਛੰਦ ਨੂੰ ਲੋਕ-ਕਾਵਿ ਦਾ ਹਿੱਸਾ ਬਣਾਇਆ ਗਿਆ। ਦੋਵੇਂ ਛੰਦਾਂ ਦੀਆਂ ਇੱਕੋ ਜਿਹੀਆਂ ਮਾਤਰਾਵਾਂ(40) ਤੇ ਵਿਭਾਗਾਂ ਵਿਚ ਅੰਤਰ ਹੋ ਸਕਦਾ ਹੈ। ਸਪੱਸ਼ਟ ਹੈ ਕਿ ਛੰਦ ਮਾਤਰਾ ਦੇ ਅਧਾਰ 'ਤੇ ਕੇਵਲ ਲੈਅ ਨਾਲ ਨਹੀਂ ਸਗੋਂ ਸਵਰਾਂ ਨਾਲ ਵੀ ਸੰਬੰਧਿਤ ਹੈ। ਇਹ ਵੀ ਜ਼ਰੂਰੀ ਨਹੀਂ ਕਿ ਕੇਵਲ ਛੰਦਬੱਧ ਕਵਿਤਾ ਵਿਚ ਸੰਗੀਤਕਤਾ ਹੁੰਦੀ ਹੈ। ਛੰਦਰਹਿਤ ਕਵਿਤਾ ਵਿਚ ਵੀ ਸੰਗੀਤਕ ਤੱਤ ਹੁੰਦੇ ਹਨ, ਉਸ ਦੀ ਵੀ ਆਪਣੀ ਇਕ ਗਤੀ, ਲੈਅ ਤੇ ਰਵਾਨੀ ਹੈ। ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਕੁੜੀ ਪੋਠੋਹਾਰ ਦੀ

ਇਸ ਰਵਾਨਗੀ ਦੀ ਖ਼ੂਬਸੂਰਤ ਉਦਾਹਰਨ ਹੈ:

ਸਿਰ ਤੇ ਚੁੱਕੀ ਪੰਡ ਘਾਹ ਦੀ,

ਪੈਲਾਂ ਪਾਂਦੀ,

ਝੋਲੇ ਖਾਂਦੀ, ਆਈ ਕੁੜੀ ਪੋਠੋਹਾਰ ਦੀ।

ਸਾਵੇ ਸਾਵੇ ਘਾਹ ਦੇ ਥੱਬੇ,

ਵਿਚ ਵਿਚ ਝਾਕਣ ਨੀਲੇ ਪੀਲੇ

ਫੁੱਲ ਪਟਾਕੀ ਤੇ ਸਰਹੋਂ ਦੇ,

ਹਰੀਆਂ ਹਰੀਆਂ, ਲੰਮੀਆਂ ਲੰਮੀਆਂ,

ਘਾਹ ਦੀਆਂ ਤਣੀਆਂ,

## ਰਾਗ ਦੀ ਪ੍ਰਕਿਰਤੀ ਅਤੇ ਉਸ ਦਾ ਮਨੋਵਿਗਿਆਨਕ ਪ੍ਰਭਾਵ

'ਰਾਗ' ਸ਼ਬਦ ਦੀ ਉਤਪਤੀ 'ਰੰਜ' ਧਾਤੂ ਤੋਂ ਹੋਈ ਹੈ, ਜਿਸ ਤੋਂ ਭਾਵ ਹੈ, 'ਰੰਗਣਾ'। ਰਾਗ ਆਪਣੇ ਅਦੁੱਤੀ ਪ੍ਰਭਾਵ ਰਾਹੀਂ ਜਨ ਸਧਾਰਣ ਨੂੰ ਆਪਣੇ ਰੰਗ ਵਿੱਚ ਰੰਗ ਕੇ ਆਪਣੇ ਅਰਥ ਦੀ ਪੁਸ਼ਟੀ ਕਰਦਾ ਹੈ। ਅੱਜ-ਕੱਲ੍ਹ ਸ਼ਾਸਤਰੀ ਸੰਗੀਤ ਤੋਂ ਭਾਵ ਰਾਗ ਸੰਗੀਤ ਤੋਂ ਲਿਆ ਜਾਂਦਾ ਹੈ। ਭਰਤਮੁਨੀ ਦੇ ਕਾਲ ਵਿੱਚ ਪ੍ਰਚਲਿਤ ਜਾਤੀ ਗਾਇਨ ਹੀ ਰਾਗ ਰੂਪ ਵਿੱਚ ਵਿਕਸਿਤ ਹੋਇਆ। ਕਰਨਾਟਕੀ(ਦੱਖਣੀ) ਸੰਗੀਤ ਪੱਧਤੀ ਵਿਚ 'ਰਾਗਾ' ਵੀ ਕਿਹਾ ਜਾਂਦਾ ਹੈ। 'ਰਾਗ' ਸ਼ਬਦ ਲਗਭਗ ਚੌਥੀ ਸ਼ਤਾਬਦੀ ਤੋਂ ਵਿਵਹਾਰ ਵਿੱਚ ਹੈ। ਮਹਾਂਕਵੀ ਕਾਲੀਦਾਸ, ਰਚਿਤ ਨਾਟਕ 'ਸ਼ੰਕੁਤਲਾ' ਦੇ ਇੱਕ ਗੀਤ ਵਿੱਚ ਸਾਰੰਗ ਰਾਗ ਦਾ ਉਲੇਖ ਮਿਲਦਾ ਹੈ। ਰਾਜਾ ਸਮੁੰਦਰ ਗੁਪਤ ਦੇ ਕਾਲ ਵਿੱਚ ਰਾਗ ਗਾਇਨ ਪ੍ਰਚਾਰ ਵਿੱਚ ਸੀ ਪ੍ਰੰਤੂ ਸਭ ਤੋਂ ਪਹਿਲਾਂ ਰਾਗ ਪ੍ਰਚਾਰ ਵਿੱਚ ਸੀ ਪ੍ਰੰਤੂ ਸਭ ਤੋਂ ਪਹਿਲਾਂ ਰਾਗ ਦੀ ਪ੍ਰਮਾਣਿਤ ਪਰਿਭਾਸ਼ਾ ਸਾਨੂੰ ਮਤੰਗ ਮੁਨੀ ਦੇ ਗ੍ਰੰਥ ਬ੍ਰਿਹਿਦੇਸ਼ੀ ਵਿੱਚ ਮਿਲਦੀ ਹੈ ਜੋ ਇਸ ਪ੍ਰਕਾਰ ਹੈ:

ਯੋ ਸੌ ਧਵਨੀ ਵਿਸ਼ੇਸਸਤੁ ਸਵਰਵਰਣ ਵਿਭੂਸਿਤ:

ਰੰਜਕੋ ਜਨਚਿਤਾਨਾ ਸ ਰਾਗ ਉਦਾਹਰਿਤ:।

ਭਾਵ ਸਵਰ ਅਤੇ ਵਰਣ ਨਾਲ ਸਜਾਈ ਹੋਈ ਧੁਨੀ ਦੀ ਅਜਿਹੀ ਰਚਨਾ ਜਿਹੜੀ ਲੋਕਾਂ ਦੇ ਮਨਾਂ ਦਾ ਰੰਜਕਤਾ ਪ੍ਰਦਾਨ ਕਰੇ, ਰਾਗ ਕਹਾਉਂਦੀ ਹੈ। ਸਵਰ ਅਤੇ ਵਰਣ ਤੋਂ ਇਲਾਵਾ ਰਾਗ ਵਿੰਚ ਹੋਰ ਵੀ ਬਹੁਤ ਜ਼ਰੂਰੀ ਤੱਤ ਹੁੰਦੇ ਹਨ। ਉਂਝ ਤਾਂ ਸਾਰੇ ਗੀਤ ਹੀ ਸਵਰ ਅਤੇ ਵਰਣ ਯੁਕਤ ਹੁੰਦੇ ਹਨ ਪ੍ਰੰਤੂ ਕੁੱਝ ਵਿਸ਼ੇਸ਼ ਲੱਛਣ ਹੀ ਰਾਗ ਨੂੰ ਬਾਕੀ ਗੀਤਾਂ ਤੋਂ ਅਲੱਗ ਕਰਦੇ ਹਨ। ਮਹਾਂਰਿਸ਼ੀ ਮਤੰਗਮੁਨੀ ਨੇ ਮਹਾਰਿਸ਼ੀ ਭਰਤ ਦਾ ਅਨੁਸਰਣ ਕਰਦਿਆਂ ਇਹਨਾਂ ਦੱਸ ਲੱਛਣਾਂ ਨੂੰ ਰਾਗ ਦੀ ਸਾਰਥਕਤਾ ਵੱਜੋਂ ਸਵੀਕਾਰਿਆ ਹੈ। ਜਿਵੇਂ:-1) ਗ੍ਰਹਿ 2) ਅੰਸ਼ 3) ਨਿਆਸ 4) ਅਪਨਿਆਸ 5) ਅਲਪਤਵ 6) ਬਹੁਤਵ 7) ਮੰਦਰ 8)ਤਾਰ 9)ਔੜਵਤਵ 10) ਸ਼ਾੜਵਤਵ। ਪੰਡਿਤ ਸ਼ਾਰੰਗਦੇਵ ਜੀ ਨੇ ਆਪਣੇ ਗ੍ਰੰਥ ਸੰਗੀਤ ਰਤਨਾਕਾਰ ਵਿੱਚ ਸੰਨਿਆਸ, ਵਿਨਿਆਸ ਅਤੇ ਅੰਤਰ ਸਾਰੰਗ ਤਿੰਨ ਲੱਛਣ ਹੋਰ ਜੋੜ ਕਿ ਇਹਨਾਂ ਦੀ ਗਿਣਤੀ 13 ਕਰ ਦਿੱਤੀ ਸੀ। ਰਾਗ ਦੇ ਇਹਨਾਂ

ਲੱਛਣਾਂ ਦਾ ਵਰਣਨ ਇਸ ਪ੍ਰਕਾਰ ਹੈ ਜਿਵੇਂ–

1 **ਗ੍ਰਹਿ:** ਸ਼ਬਦ ਤੋਂ ਭਾਵ ਘਰ ਜਾਂ ਨਿਵਾਸ ਸਥਾਨ ਜਾਂ ਗ੍ਰਹਿਣ ਕਰਨਾ। ਜਿਸ ਸਵਰ ਨਾਲ ਕਿਸੇ ਗੀਤ ਦਾ ਆਰੰਭ ਹੁੰਦਾ ਹੈ ਤਾਂ ਉਸ ਨੂੰ ਗਹਿ ਸਵਰ ਕਹਿੰਦੇ ਹਨ। ਇਹ ਸਵਰ ਹਰ ਰਾਗ ਵਿੱਚ ਨਿਸ਼ਚਿਤ ਹੁੰਦੇ ਹਨ। ਸਾਰੀਆਂ ਜਾਤੀਆਂ ਵਿੱਚ 'ਗ੍ਰਹਿਸਵਰ ਹੀ ਅੰਸ਼ ਸੁਰ' ਹੁੰਦਾ ਸੀ।

2 **ਅੰਸ਼:** ਭਰਤਮੁਨੀ ਨੇ ਅੰਸ਼ ਸਵਰ ਦੇ ਲੱਛਣਾਂ ਦਾ ਵਰਣਨ ਇਸ ਪ੍ਰਕਾਰ ਕੀਤਾ ਹੈ ਜਿਵੇਂ–ਜਿਸ ਵਿੱਚ ਰਾਗ ਦੀ ਅਭਿਵਿਅਕਤੀ ਅਤੇ ਅਵਿਰਤਾਵ (ਪ੍ਰਗਟ) ਹੋਵੇ। ਜਿਸ ਵਿੱਚ ਰੰਜਕਤਾ ਦਾ ਵਾਸ ਹੋਵੇ। ਅੰਦਰ ਅਤੇ ਤਾਰ ਸਥਾਨਾਂ ਵਿੱਚ ਜਿਸ ਦੀ ਗਤੀ 5–5 ਸੁਰਾਂ ਤੱਕ ਹੋਵੇ। ਜੋ ਰਾਗ ਦਾ ਕੇਂਦਰ ਬਿੰਦੂ ਹੋਵੇ ਅਤੇ ਮੰਦ੍ਰ–ਤਾਰ ਸਪਤਕ ਵਿਸਤ੍ਰਿਤ ਹੁੰਦਾ ਹੋਵੇ। ਬਾਕੀ ਸੁਰ ਸਮੂਹ ਜਿਸ ਉੱਪਰ ਨਿਰਭਰ ਹੋਣਾ। ਜਿਸ ਦੇ ਸੰਵਾਦੀ ਅਤੇ ਅਨੁਵਾਦੀ ਸੁਰ ਦੀ ਪ੍ਰਬਲ ਹੋਵੇ। ਜਿਸ ਦੀ ਗ੍ਰਹਿ, ਅੰਸ਼, ਨਿਆਸ, ਅਪਨਿਆਸ ਅਤੇ ਵਿਨਿਆਸ ਰਾਹੀ ਜਿਸ ਦੀ ਪੁਨਰਾਵ੍ਰਿਤੀ ਹੋਵੇ। ਇਹਨਾਂ ਲੱਛਣਾਂ ਸਦਕਾ ਹੀ ਅੰਸ਼ ਸਵਰ ਰਾਗ ਦੀ ਜੀਵ ਸਵਰ ਜਾਂ ਪ੍ਰਾਣ ਸੁਰ ਕਹਿਲਾਉਂਦਾ ਹੈ।

**ਤਾਰ ਅਤੇ ਮੰਦਰ:** ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੇ ਵਰਤਮਾਨ ਯੁੱਗ 'ਚ ਇਹਨਾਂ ਨੂੰ ਦੋ ਸਪਤਕਾਂ ਦੇ ਨਾਮ ਵੱਜੋਂ ਜਾਣਿਆ ਜਾਂਦਾ ਹੈ। ਮੰਦਰ ਸਪਤਕ (ਆਵਾਜ਼) ਭਾਵ ਭਾਰੀ ਆਵਾਜ਼ ਵਾਲਾ ਸਪਤਕ ਅਤੇ ਤਾਰ ਸਪਤਕ ਭਾਵ ਤਿੱਖੀ ਆਵਾਜ਼ ਵਾਲਾ ਸਪਤਕ, ਇਸ ਤੋਂ ਇਲਾਵਾ ਇਹ ਦੋਨੋਂ ਸਪਤਕ ਜਾਤੀ ਜਾਂ ਰਾਗ ਦੇ ਵਿਸਥਾਰ ਖੇਤਰ ਨੂੰ ਹੋਰ ਜ਼ਿਆਦਾ ਵਧਾਉਂਦੇ ਹਨ। ਇਹਨਾਂ ਲੱਛਣਾਂ ਤੋਂ ਪਤਾ ਲੱਗਦਾ ਹੈ ਕਿ ਕਿਸੇ ਰਾਗ ਵਿੱਚ ਮੰਦਰ ਸਥਾਨ ਅਤੇ ਤਾਰ ਸਥਾਨ ਵਿੱਚ ਕਿਸ–ਕਿਸ ਸਵਰ ਤੱਕ ਦਾ ਵਿਸਥਾਰ ਕੀਤਾ ਜਾਂਦਾ ਹੈ। ਤਾਰ ਸਪਤਕ ਵੱਲ ਦੋ–ਤਿੰਨ ਸਵਰ ਉੱਪਰ ਵੱਲ ਜਾਇਆ ਜਾ ਸਕਦਾ ਹੈ ਪ੍ਰੰਤੂ ਵਰਤਮਾਨ ਸਮੇਂ ਚੀਨ ਦੇ ਤੰਤੀ ਸਾਜ ਪੀਪਾ ਨੂੰ ਅਤਿ ਤਾਰ ਸਪਤਕ ਵਿੱਚ ਵੀ ਸੁਰ ਕੀਤਾ ਜਾਂਦਾ ਹੈ।

**ਨਿਆਸ–ਅਪਨਿਆਸ:** ਅਚਾਰਿਆ ਭਰਤਮੁਨੀ ਨੇ ਆਪਣੇ ਸ਼ਗਿਰਦ ਦੱਤਿਲ ਦੇ ਦਤਿੱਲਮ ਗ੍ਰੰਥ ਵਿੱਚ ਇਹ ਕਿਹਾ ਹੈ ਕਿ ਨਿਆਸ ਦੇ ਸਵਰ ਗੀਤ ਦੇ ਕਿਸੇ ਅੰਤਿਮ ਭਾਗ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ। ਅੱਜ–ਕੱਲ੍ਹ ਨਿਆਸ ਤੋਂ ਭਾਵ ਠਹਿਰਾਉ ਤੋਂ ਲਿਆ ਜਾਂਦਾ ਹੈ। ਪ੍ਰੰਤੂ ਪ੍ਰਾਚੀਨ ਸੰਗੀਤ ਵਿੱਚ ਇਹ ਸਵਰ ਨਿਸ਼ਚਿਤ ਹੁੰਦਾ ਸੀ। ਆਪਣੇ ਗ੍ਰੰਥ 'ਸੰਗੀਤ ਰਤਨਾਕਾਰ' ਵਿੱਚ ਪੰਡਿਤ ਸ਼ਾਰੰਗਦੇਵ ਜੀ ਲਿਖਦਾ ਹੈ:

ਗੀਤ ਸਮਾਪਤੀ ਕਰਨਿਆਸ

ਅਪਨਿਆਸ ਸਵਰ ਸ ਸਿਆਧੀ ਬਿਦਾਰੀ ਸਮਾਪਕ:

ਭਾਵ ਗੀਤ ਦੀ ਸਮਾਪਤੀ ਨਿਆਸ ਸਵਰ 'ਤੇ ਹੁੰਦੀ ਹੈ ਅਤੇ ਗੀਤ ਦੇ ਸਾਰੇ ਖੰਡਾਂ ਨੂੰ ਬਣਾਉਣ ਵਾਲਾ ਸਵਰ ਹੀ ਅਪਨਿਆਸ ਸਵਰ 'ਤੇ ਆ ਕੇ ਗੀਤ ਮੁਕ ਗਿਆ ਪ੍ਰੰਤੂ ਇਉਂ ਨਹੀਂ ਹੁੰਦਾ। ਪ੍ਰਾਚੀਨ ਸਮੇਂ ਵਿੱਚ ਪ੍ਰਬੰਧ, ਵਸਤੂ, ਰੂਪਕ, ਆਦਿ ਵੱਖ–ਵੱਖ ਹਿੱਸਿਆ ਤੇ ਅੰਤਮ ਸਵਰ ਨੂੰ ਹੀ ਅਪਨਿਆਸ ਸਵਰ ਕਿਹਾ ਜਾਂਦਾ ਹੈ। ਅਪਨਿਆਸ ਸਵਰ ਦੇ ਵੀ ਦੋ ਰੂਪ ਪ੍ਰਚਲਿੱਤ ਸਨ, ਜਿਵੇਂ:–

ਸਨਿਆਸ: ਪ੍ਰਾਚੀਨ ਗਾਇਨ ਵਿੱਚ ਪ੍ਰਬੰਧ ਆਦਿ ਦੇ ਉਦਗ੍ਰਹਿ ਮੇਲਾਪਕ, ਭਾਗ ਆਦਿ ਦੇ ਅੰਤਲੇ ਸੁਰ ਨੂੰ ਸਨਿਆਸ ਕਹਿੰਦੇ ਸਨ।

**ਵਿਨਿਆਸ:** ਉੱਪਰ ਵਰਣਿਤ ਸਭ ਭਾਗਾਂ ਦੇ ਪਹਿਲੇ ਵਿਭਾਗ ਦੀ ਸਮਾਪਤੀ ਨੂੰ ਵਿਨਿਆਸ ਆਖਦੇ ਸਨ।

**ਸ਼ਾੜਵਤਵ-ਔੜਵਤਵ:** ਸ਼ਾੜਵਤਵ ਤੋਂ ਭਾਵ ਰਾਗ ਵਿੱਚ ਸਵਰ ਆਰੋਹ ਵਿੱਚ ਲੱਗਣ ਅਤੇ ਸੁਰ ਅਵਰੋਹ ਵਿੱਚ ਪ੍ਰਯੋਗ ਹੋਣ ਜਿਵੇਂ- ਰਾਗ, ਮਾਰਵਾ, ਸੋਹਣੀ ਅਤੇ ਔੜਵਤਵ ਤੋਂ ਭਾਵ ਰਾਗ ਵਿੱਚ ਲੱਗਣ ਵਾਲੇ ਸੁਰ ਦੀ ਗਿਣਤੀ (5-5) ਭਾਵ ਆਰੋਹ ਵਿੱਚ ਪੰਜ ਸੁਰ ਲੱਗਣ ਅਤੇ ਅਵਰੋਹ ਵਿੱਚ ਵੀ, ਜਿਵੇਂ ਰਾਗ, ਭੋਪਾਲੀ, ਸ਼ਿਵਰੰਜਨੀ, ਵ੍ਰਿੰਦਵਾਨੀ, ਸਾਰੰਗ, ਮਾਲਕੋਸ, ਗੁਣਕਲੀ, ਤਿਲੰਗ, ਦੁਰਗਾ ਆਦਿ।

ਅਲਪਤਵ ਅਤੇ ਬਹੁਤਵ: ਅਲਪਤਵ ਤੋਂ ਭਾਵ ਕੁੱਝ ਸੁਰਾਂ ਦਾ ਰਾਗ ਵਿੱਚ ਬਹੁਤ ਘੱਟ ਪ੍ਰਯੋਗ ਹੁੰਦਾ ਹੈ ਉਹਨਾਂ ਨੂੰ ਅਲਪਤਵ ਸੁਰ ਕਹਿੰਦੇ ਹਨ ਅਤੇ ਜਿਨ੍ਹਾਂ ਸੁਰਾਂ ਦਾ ਜ਼ਿਆਦਾ ਪ੍ਰਯੋਗ ਹੁੰਦਾ ਹੈ। ਉਹਨਾਂ ਨੂੰ ਬਹੁਤਵ ਕਹਿੰਦੇ ਹਨ। ਇਸ ਤੋਂ ਇਲਾਵਾ ਅਲਪਤਵ ਨੂੰ ਲੰਘਣ ਅਤੇ ਅਨ ਅਭਿਆਸ ਰਾਹੀਂ ਜਦਕਿ ਬਹੁਤਵ ਨੂੰ ਅਲੰਘਣ ਅਤੇ ਅਭਿਆਸ ਰਾਹੀਂ ਵਾਰ-ਵਾਰ ਦਿਖਾਇਆ ਜਾਂਦਾ ਸੀ। ਵਰਤਮਾਨ ਸਮੇਂ ਦੀ ਰਾਗ ਗਾਇਨ ਪੱਧਤੀ ਵਿੱਚ ਇਹਨਾਂ ਸਵਰਾਂ ਦੇ ਪ੍ਰਯੋਗ ਨੂੰ ਵਾਦੀ-ਸੰਵਾਦੀ ਕਰਕੇ ਜਾਣਿਆ ਜਾਂਦਾ ਹੈ। ਕਿਉਂਕਿ ਵਰਤਮਾਨ ਸਮੇਂ ਜਦੋਂ ਵੀ ਕੋਈ ਵੀ ਗਾਇਕ ਜਾਂ ਵਾਦਕ ਆਪਣੀ ਪ੍ਰਸਤੁਤੀ ਕਰਦਾ ਹੈ ਤਾਂ ਉਹ ਉਸ ਰਾਗ ਵਿੱਚ ਲੱਗਣ ਵਾਲੇ ਵਾਦੀ-ਸੰਵਾਦੀ ਸਵਰਾਂ ਨੂੰ ਆਲਾਪ, ਸਵਰ ਵਿਸਥਾਰ, ਬੜ੍ਹਤ ਕਰਦਿਆਂ ਜਾਂ ਬੰਦਿਸ਼ 'ਚ ਸਮ ਦਿਖਾਉਂਦਿਆ ਪੇਸ਼ ਕਰਦਾ ਹੈ। ਇਸ ਨਾਲ ਰਾਗ ਦੀ ਪ੍ਰਕਿਰਤੀ ਵੀ ਬਰਕਰਾਰ ਰਹਿੰਦੀ ਹੈ ਅਤੇ ਉਸ ਦੇ ਅੰਦਰਲੇ ਰਸ ਦਾ ਨਿਰਮਾਣ ਵੀ ਸਹਿਜੇ ਹੀ ਸ੍ਰੋਤਿਆਂ ਨੂੰ ਟੁੰਬਦਾ ਹੈ।

ਰਾਗ ਜਗਤ ਦਾ ਸਫਰ ਤਾਂ ਬਹੁਤ ਲੰਬਾ ਹੈ, ਪ੍ਰੰਤੂ ਮਨੁੱਖੀ ਮਨ ਤੇ ਸਭ ਤੋਂ ਪਹਿਲਾਂ ਅਸਰ ਸਵਰ ਦਾ ਹੁੰਦਾ ਹੈ। ਇਸ ਸਬੰਧ ਵਿੱਚ ਇਹ ਧਾਰਨਾ ਆਮ ਪ੍ਰਚਲਿਤ ਹੈ ਕਿ ਸਵਰ ਇਨਸਾਨ ਦੁਆਰਾ ਨਹੀਂ ਬਣਾਇਆ ਗਿਆ, ਇਹ ਕੇਵਲ ਉਸ ਆਦਿ ਸ਼ਕਤੀ ਦਾ ਹੀ ਅੰਸ਼ ਰੂਪ ਹੁੰਦਾ ਹੈ। ਜਿਸ ਨੂੰ ਕਿਵੇਂ ਸਾਧਕ ਜਾਂ ਤਪੱਸਵੀ ਜੰਗਲਾਂ 'ਚ ਜਾ ਕੇ ਇੱਕ ਨਿਸ਼ਚਿਤ ਸਥਾਨ ਤੇ ਬੈਠ ਕੇ ਇੱਕ ਸੰਪੂਰਨ ਗੁਰੂ ਦੇ ਗਿਆਨ ਗ੍ਰਹਿਣ ਕਰਕੇ ਉਜਾਗਰ ਕਰਦੇ ਹਨ। ਠੀਕਉਸੇ ਪ੍ਰਕਾਰ ਸੰਗੀਤ ਸਵਰ ਦੀ ਮਹੱਤਤਾ ਵੀ ਇੱਕ ਸਮਾਨ ਹੈ। ਰਾਗ ਜਗਤ ਦੇ ਇਤਿਹਾਸ 'ਚ ਇੱਕ ਮਾਨਤਾ ਲਿਖਤੀ ਰੂਪ ਵਿੱਚ ਇਹ ਵੀ ਮਿਲਦੀ ਹੈ ਕਿ ਸਭ ਤੋਂ ਪਹਿਲਾਂ ਭਗਵਾਨ ਸ਼ੰਕਰ ਨੇ 6 ਰਾਗ ਬਣਾਏ, ਮਾਤਾ ਪਾਰਬਤੀ ਜੀ ਨੇ 36 ਰਾਗਣੀਆਂ ਬਣਾਈਆਂ ਤਾਂ ਉਸ ਸਮੇਂ ਜਦੋਂ ਇਹਨਾਂ ਸਵਰਾਂ ਦਾ ਗਾਇਨ ਹੁੰਦਾ ਸੀ ਤਾਂ ਉਹ ਗਾਇਨ ਕੇਵਲ 'ਆਕਾਰ ਰੂਪ' ਵਿੱਚ ਹੁੰਦਾ ਸੀ। ਜਿਉਂ-ਜਿਉਂ ਹੋਰ ਗਾਇਨ ਸ਼ੈਲੀਆਂ ਨੇ ਜਨਮ ਲਿਆ, ਇਸ ਵਿਚ ਨਿਰੰਤਰ ਪਰਿਵਰਤਨ ਆਉਂਦਾ ਰਿਹਾ।

**ਪੀਐਚ.ਡੀ.ਸਕਾਲਰ,ਪੰਜਾਬੀ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ 9988782886**

....ਚਲਦਾ....

## राग प्रभाती

सरदार गुरबखश सिंह

**दिन के प्रथम प्रहर में गाये जाने वाले इस राग को कई तरह से गाया जाता है। बहुत से विद्वान प्रभाती, प्रभात एवं प्रभात भैरव को एक ही राग मानते हैं। एक मत के अनुसार भैरव थाट के विभास में निषाद के प्रयोग से प्रभाती बनता है। एक और मत इसको भैरव, कलिंगड़ा तथा ललित का मिश्रण मानता है परंतु आजकल के सिक्ख विद्वान इसको बिलावल ठाठ का मानते हैं जो कि पुरातन रागी रबाबियों के प्रभाती से मेल नहीं खाता परंतु यहां बिलावल थाट का ही वर्णन किया जा रहा है।**

**देशकार के अवरोह में निषाद का प्रयोग करके इस राग की रचना हुई है। इस शुद्ध स्वरों के राग के आरोह में मध्यम तथा निषाद वर्जित परंतु अवरोह में निषाद के प्रयोग से इसकी जाति औड़व – षाडव है। वादी संवादी षड़ज पंचम हैं। अवरोह में मध्यम वर्जित है।**

**आरोह : सा रे ग प ध सां**

**अवरोह : सां – नि ध नि प – ग रे सा**

**मुख्य अंग : सा रे ग प – सां – प ध सां नि ध नि प**

**चलन : सा – ऩि ध़ ऩि प़ – ध़ सा, ऩि ध़ सा – रे – सा, सा रे ग रे सा, ऩि ध़ सा रे ग – प ग रे – सा, ध़ ऩि ध़ सा – ऩि ध़ ऩि प़ ध़ सा रे ग – रे सा, प ग रे ऩि ध़ ऩि प़ – सा, सा रे ग प – ग रे सा, ग प ध प ग ध प – रे ग प ध नि प – नि ध नि प – ग ध प – ग रे सा, सा रे ग प नि ध सां, सां रें गं रें सां गं रें सां – नि ध नि प – ध नि ध प, ग प ध प – ग रे सा।**

## प्रभाती (दादरा ताल)

*अविलि अलह नूरु उपाइआ कुदरति के सभ बंदे ॥*
*एक नूर ते सभु जगु उपजिआ कउन भले को मंदे ॥१॥*
*लोगा भरमि न भूलहु भाई ॥*
*खालिकु खलक खलक महि खालिकु पूरि रहिओ स्रब ठांई ॥१॥ रहाउ॥*
*माटी एक अनेक भांति करि साजी साजनहारै ॥*
*ना कछु पोच माटी के भांडे ना कछु पोच कुमभारै ॥२॥*
*सभ महि सचा एको सोई तिस का कीआ सभु कछु होई ॥*
*हुकमु पछानै सु एको जानै बंदा कहीऐ सोई ॥३॥*
*अलहु अलखु न जाई लखिआ गुरि गुड़ु दीना मीठा ॥*
*कहि कबीर मेरी संका नासी सरब निरंजनु डीठा ॥४॥*
*( प्रभाती कबीर जी ) अंग १३४९*

### स्थाई

| | | | | | | | | | | | |
|---|---|---|---|---|---|---|---|---|---|---|---|
| पग | प | - | धसां | निध | निप | ग | गग | गप | गरे | सा | - |
| लोऽ | गा | ऽ | भर | मऽ | ऽन | भू | लहु | ऽऽ | भाऽ | ई | ऽ |
| सा | नि़ध़ | ध़ | सासा | सा | -रे | गग | गग | -प | गरे | सासा | - |
| खा | लिक | ऽ | खल | क | ऽख | लिक | महि | ऽऽ | खाऽ | लिक | ऽ |
| ग | प | -प | ध | सां | सांसां | गंरें | सांनि | धप | - | गप | सा |
| पू | र | ऽरह | ओ | ऽ | स्रब | ठाँऽ | ऽऽ | ऽऽ | ऽऽ | ईऽ | ऽ |
| x | | | ० | | | x | | | ० | | |

### अंतरा

| | | | | | | | | | | | |
|---|---|---|---|---|---|---|---|---|---|---|---|
| प | ग | ग | प | ध | पध | सां | सां | सांनि | धनि | प | - |
| अ | व | ल | अ | लह | ऽऽ | नू | र | ऽउ | पाइ | आ | ऽ |
| गंगं | गं | गं | रें | - | रेंगं | रेंसां | रें | - | सां | - | - |
| कुद | र | त | के | ऽ | सभ | बंऽ | दे | ऽ | ऽ | ऽ | ऽ |
| सां | सां | -नि | धनि | प | - | गग | ग | रे | गग | पप | - |
| ए | क | ऽनू | ऽर | ते | ऽ | सभ | ज | ग | उप | जिआ | ऽ |
| गग | ग | गरे | ग | ग | प | गरे | ग | रे | सा | - | - |
| कउ | न | ऽभ | ले | को | ऽ | मंऽ | दे | ऽ | ऽ | ऽ | ऽ |
| सा | नि़ध़ | ध़ | | | | | | | | | |
| खा | लिक | ऽ | | | | | | | | | |
| x | | | ० | | | x | | | ० | | |

RNI Regd.No. 46788/89 ISSN 0972-2335

## ਡਾ. ਜਾਗੀਰ ਸਿੰਘ
## ਦੀ ਨਵੀਂ ਪੁਸਤਕ

# ਗੁਰਮਤਿ ਸੰਗੀਤ ਵਿੱਚ ਰਬਾਬੀ ਪਰੰਪਰਾ

### ਅਤੇ ਹੋਰ ਲੇਖ



**ਡਾ. ਜਾਗੀਰ ਸਿੰਘ**

ਕਿਤਾਬ ਨੂੰ ਮੰਗਵਾਉਣ ਲਈ ਹੇਠ ਦਿੱਤੇ ਗਏ ਪਤੇ
**ਸਪਤਰਿਸ਼ੀ ਪਬਲੀਕੇਸ਼ਨਜ਼,** # 25/6, ਇੰਡਸਟ੍ਰੀਅਲ ਏਰੀਆ,
ਫੇਸ-2, ਚੰਡੀਗੜ ਅਤੇ ਨੰ: ਤੇ ਸੰਪਰਕ **7717465715,**
**9463836591** ਕਰਕੇ ਕਿਤਾਬਾਂ ਨੂੰ ਮੰਗਵਾ ਸਕਦੇ ਹੋ।